# ਅੰਮ੍ਰਿਤ ਕੀਰਤਨ

ਦਸੰਬਰ 2009



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

Sri Satguru Jagjit Singh Ji Elibrary NamdhariElibrary@gmail.com

# ਮਿਲਾਪ ਬਿਹਬਲਤਾ

ਜੇ ਤੂੰ ਵੱਸੇਂ ਤਾਂ ਮੇਰਾ ਵਾਸਾ

ਨਹੀਂ ਤਾਂ ਦਿਸੇ ਸੱਭ ਉਜਾੜ।

ਮਹਿਲ ਮਾੜੀਆਂ, ਦਿਸਣ ਵਿਰਾਨੇ,

ਜਿਉਂ ਦਿਸਦੀ ਕੰਡਿਆਂ ਦੀ ਵਾੜ।

ਆਬ ਬਿਨਾਂ ਜਿਉਂ ਮੱਛੀ ਤੜਫੇ,

ਜੀਵਨ ਮੇਰਾ ਹੋਇਆ ਖੁਆਰ।

ਦਰਸ਼ਨ ਦੀ ਜੇ ਘੜੀ ਦੇਂ ਮੈਨੂੰ

ਸੰਤੋਖ ਪਹੁੰਚਾਂਗੀ ਬਾਹਾਂ ਪਸਾਰ।



Sri Satguru Jagjit Singh Ji Elibrary NamdhariElibrary@gmail.com

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ

ਆਨਰੇਰੀ ਸਲਾਹਕਾਰ

ਸ: ਹਰਚੰਦਨ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com

www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
ਸੰਪਾਦਕੀ — 4

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਸੰਪਾਦਕੀ ਸੂਚਨਾਵਾਂ**
ਡਾ. ਧਰਮ ਸਿੰਘ — 5

**ਅੰਮ੍ਰਿਤ ਵੇਲਾ**
ਕਰਮ ਸਿੰਘ ਰਤਨ — 12

**ਸੰਗੀਤ ਦਾ ਬੱਚੇ ਉੱਤੇ ਅਸਰ**
ਡਾ. ਹਰਬਿੰਦਰ ਕੌਰ — 16

**ਪਦਮ ਸ਼੍ਰੀ ਰਤਨ ਲਾਲ 'ਦੀਪਕ'**
ਰਮਨਦੀਪ ਕੌਰ — 19

**सारंगी का इतिहास**
शमिन्दर पाल सिंह — 22

**ਸੁਰ ਲਿਪੀ: ਰਾਗ ਗਉੜੀ ਪੂਰਬੀ** — 25
ਪ੍ਰਿੰ: ਦਿਆਲ ਸਿੰਘ

**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** — 26


**Please forward your e-mail id at drjagirsingh@gmail.com**




Sri Satguru Jagjit Singh Ji Elibrary NamdhariElibrary@gmail.com

ਕਰਉ ਬੇਨੰਤੀਆ

# ਸਤਿਗੁਰੂ ਸਬਦੀ ਮਿਲੈ ਵਿਛੁੰਨੀ

ਗੁਰਬਾਣੀ ਨੂੰ ਧਿਆਨ ਨਾਲ ਪੜ੍ਹੀਏ ਸੁਣੀਏ ਤਾਂ ਕਈ ਵਾਰ ਤਾਂ ਇੱਕ ਇੱਕ ਤੁਕ ਇਤਨਾ ਪ੍ਰਭਾਵਿਤ ਕਰਦੀ ਹੈ ਕਿ ਉਸ ਦੇ ਸਾਹਮਣੇ ਮਾਣਕ ਮੋਤੀ ਨਿਗੂਣੇ ਜਾਪਣ ਲੱਗ ਪੈਂਦੇ ਹਨ। ਰਾਗ ਤੁਖਾਰੀ ਵਿੱਚ ਰਚਿਆ ਗੁਰੂਨਾਨਕ ਦੇਵ ਜੀ ਦਾ ਹੇਠ ਲਿਖਿਆ ਸ਼ਬਦ ਕਈ ਸਾਲਾਂ ਤੋਂ ਗਾਇਨ ਕਰਦਾ ਆ ਰਿਹਾ ਹਾਂ:-

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥

ਕੁਝ ਸਮਾਂ ਤਾਂ ਇਸ ਦੀ ਤੁਕ-

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ॥

ਤੇ ਮਨਨ ਹੁੰਦਾ ਰਿਹਾ। ਬਿਖੜੇ ਮਾਰਗ ਬਾਰੇ ਜਾਣਨ ਦੀ ਕੋਸ਼ਿਸ਼ ਕਰਦਾ ਰਿਹਾ। ਪਰ ਹੁਣ ਸੋਚ ਵਿੱਚ-

ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨ ਮਨ ਆਗੈ ਰਾਖੈ॥

ਤੇ ਸੋਚ ਅਟਕ ਗਈ ਹੈ। ਗੁਰੂ ਨਾਨਕ ਦੇਵ ਜੀ ਪ੍ਰਭੂ ਨੂੰ ਮਿਲਣ ਲਈ ਸਤਿਗੁਰੂ ਦੇ ਸ਼ਬਦ ਦਾ ਸਹਾਰਾ ਲੈਣ ਦੀ ਗੱਲ ਕਰ ਰਹੇ ਹਨ- ਉਹ ਇਸ ਸ਼ਬਦ ਵਿੱਚ ਹੀ ਨਹੀਂ ਸਗੋਂ ਹੋਰ ਕਈ ਥਾਵਾਂ ਤੇ ਵੀ ਉਹ ਇਹ ਗੱਲ ਦ੍ਰਿੜ ਕਰਾਉਂਦੇ ਹਨ-

ਜਾਇ ਪੁਛਉ ਸੋਹਾਗਣੀ ਤੁਸੀਂ ਰਾਵਿਆ ਕਿਨੀ ਗੁਣੀ॥
ਸਹਿਜ ਸੰਤੋਖ ਸੀਗਾਰੀਆ ਮਿਠਾ ਬੋਲਣੀ॥
ਪਿਰ ਰੀਸਾਲੂ ਤਾ ਮਿਲੇ ਜਾ ਗੁਰ ਕਾ ਸਬਦ ਸੁਣੀ॥

ਕਾਇਆ ਕਾਮਣਿ ਅਤਿ ਸੁਆਲ੍ਹਿਉ ਪਿਰੁ ਵਸੈ ਜਿਸੁ ਨਾਲੇ ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ ॥

ਇਹ ਸ਼ਬਦ ਕਿਸੇ ਸੱਚੀ ਟਕਸਾਲ ਵਿਚ ਘੜੇ ਹੋਏ ਹਨ।



Sri Satguru Jagjit Singh Ji Elibrary NamdhariElibrary@gmail.com

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਸੰਪਾਦਕੀ ਸੂਚਨਾਵਾਂ

ਡਾ. ਧਰਮ ਸਿੰਘ

ਆਧੁਨਿਕ ਸੰਪਾਦਨ ਸ਼ਾਸਤਰ ਅਨੁਸਾਰ ਕਿਸੇ ਵੀ ਸੰਪਾਦਿਤ ਗ੍ਰੰਥ ਦੇ ਮੁੱਖ ਤੌਰ 'ਤੇ ਤਿੰਨ ਭਾਗ ਹੁੰਦੇ ਹਨ- ਭੂਮਿਕਾ ਜਾਂ ਪ੍ਰਸਤਾਵਨਾ, ਮੂਲ ਪਾਠ ਅਤੇ ਅੰਤਿਕਾਵਾਂ। ਭੂਮਿਕਾ ਜਾਂ ਪ੍ਰਸਤਾਵਨਾ ਸੰਪਾਦਕ ਜੀ ਦੀ ਵਿਦਵਤਾ ਦੀ ਝਲਕ ਹੁੰਦੀ ਹੈ, ਜਿਸ ਵਿਚ ਉਹ ਲੇਖਕ ਦੇ ਜੀਵਨ, ਉਸ ਦੀਆਂ ਰਚਨਾਵਾਂ, ਉਸ ਉੱਪਰ ਪਏ ਤਤਕਾਲਿਕ ਪ੍ਰਭਾਵਾਂ, ਰਚਨਾ ਦੇ ਪ੍ਰੇਰਨਾ ਸਰੋਤਾਂ ਕਲਾਤਮਿਕ ਵਿਸ਼ੇਸ਼ਤਾਵਾਂ ਅਤੇ ਹੋਰ ਜਿਹਨਾਂ ਪੱਖਾਂ ਬਾਰੇ ਉਹ ਜਾਣਕਾਰੀ ਦੇਣੀ ਚਾਹੁੰਦਾ ਹੈ, ਉਹ ਦੇਣ ਦੀ ਕੋਸ਼ਿਸ਼ ਕਰਦਾ ਹੈ। ਦੂਜੇ ਭਾਗ ਵਿਚ ਉਹ ਮਿਆਰੀ ਕ੍ਰਿਤ ਪਾਠ ਦਿੰਦਾ ਹੈ ਅਤੇ ਅੰਤਿਕਾਵਾਂ ਵਿਚ ਉਹ ਸਾਰੀਆਂ ਸੂਚਨਾਵਾਂ ਦਿੰਦਾ ਹੈ, ਜੋ ਕਿਸੇ ਕਾਰਨ ਭੂਮਿਕਾ ਜਾਂ ਪ੍ਰਸਤਾਵਨਾ ਵਿਚ ਨਹੀਂ ਆ ਸਕੀਆਂ ਹੁੰਦੀਆਂ।

ਪੰਜਾਬੀ ਵਿਚ ਸੰਪਾਦਨਾ ਦਾ ਮੁੱਢ 1604 ਈ: ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੁਆਰਾ ਸੰਪਾਦਿਤ ਕੀਤੇ ਗਏ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੱਝਦਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੀ ਵਡਿਆਈ ਜਿੱਥੇ ਹੋਰਨਾਂ ਕਈਆਂ ਗੱਲਾਂ ਕਰਕੇ ਹੈ, ਉੱਥੇ ਇਸ ਕਰਕੇ ਵੀ ਹੈ ਕਿ ਉਹ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਵੱਡ-ਆਕਾਰੀ ਸੰਪਾਦਿਤ ਰਚਨਾ ਦੇ ਸੰਪਾਦਕ ਸਨ ਅਤੇ ਇਹ ਤੱਥ ਉਹਨਾਂ ਨੂੰ ਪੰਜਾਬੀ ਦੇ ਪਹਿਲੇ ਸੰਪਾਦਕ ਵਜੋਂ ਸਥਾਪਿਤ ਕਰਦਾ ਹੈ। ਬਾਣੀ ਰਚਣ, ਉਸ ਨੂੰ ਸੰਭਾਲਣ ਅਤੇ ਭਗਤ ਬਾਣੀ ਇਕੱਤਰ ਕਰਨ ਦਾ ਵਿਚਾਰ ਬੀਜ ਰੂਪ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦਾ ਸੀ, ਜੋ ਮਗਰੋਂ ਦੂਜੇ ਗੁਰੂ ਸਾਹਿਬਾਨ ਦੁਆਰਾ ਵਿਕਾਸ ਕਰਦਾ ਹੋਇਆ ਸ੍ਰੀ ਗੁਰੂ ਅਰਜਨ ਸਾਹਿਬ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਪ੍ਰਵਾਨ ਚੜ੍ਹਿਆ। ਬੇਸ਼ੱਕ ਸ਼ਬਦਾਂ ਦੇ ਅੰਕ ਗਣਨਾ ਵਰਗੀ ਸੰਪਾਦਕੀ ਸੂਚਨਾ ਸਾਨੂੰ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਦੇ ਬਾਣੀ ਸੰਗ੍ਰਹਿ ਵਿਚ ਵੀ ਮਿਲਦੀ ਹੈ ਪਰ ਇਸ ਦਿਸ਼ਾ ਵਿਚ ਵਧੇਰੇ ਅਤੇ ਵਿਧੀਵਤ ਕੰਮ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਹੀ ਕੀਤਾ।

ਸ੍ਰੀ ਗੁਰੂ ਅਰਜਨ ਸਾਹਿਬ ਪਾਸ ਕਾਵਿ ਪ੍ਰਤਿਭਾ, ਰਾਗ ਵਿੱਦਿਆ ਦੀ ਡੂੰਘੀ ਸਮਝ, ਕਾਵਿ ਸ਼ਾਸਤਰ ਦੀ ਵਿਸ਼ਾਲ ਜਾਣਕਾਰੀ ਅਤੇ ਸਭ ਤੋਂ ਵੱਧ ਨਿਸ਼ਚਿਤ ਸੰਪਾਦਕੀ ਦ੍ਰਿਸ਼ਟੀ ਸੀ, ਜਿਸ ਕਰਕੇ ਉਹ ਇਸ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਯੋਜਨਾਬੱਧ ਰੂਪ ਦੇ ਸਕੇ। ਮੱਧ ਕਾਲ ਵਿਚ ਸੰਪਾਦਿਤ ਗ੍ਰੰਥ ਦੀ ਅੱਜ ਵਰਗੀ ਭੂਮਿਕਾ ਦਾ ਕੋਈ ਸੰਕਲਪ ਨਹੀਂ ਸੀ, ਪਰ ਫਿਰ ਵੀ ਇਸ ਵਿਚ ਸੰਪਾਦਕੀ ਸੂਚਨਾਵਾਂ ਜ਼ਰੂਰ ਹਨ, ਜੋ ਪ੍ਰਾਪਤ ਪਾਠ ਨੂੰ ਸੁਸਪਸ਼ਟ, ਸ਼ੰਕਿਆਂ ਦੇ ਨਿਵਾਰਨ ਅਤੇ ਆਸਾਨੀ ਨਾਲ ਸੰਚਾਰਯੋਗ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਕੀ ਸੂਚਨਾਵਾਂ ਸਾਰੇ ਹੀ ਗ੍ਰੰਥ ਵਿਚ ਅੰਕਿਤ ਹਨ। ਨਾਲੋ-ਨਾਲ ਦਿੱਤੀਆਂ ਗਈਆਂ ਇਹਨਾਂ ਸੂਚਨਾਵਾਂ ਨੂੰ ਅਸੀਂ ਹੇਠ ਲਿਖੇ ਵਰਗਾਂ ਵਿਚ ਵੰਡ ਸਕਦੇ ਹਾਂ:

**ਕਰਤ੍ਰਿਤਵ ਸੰਬੰਧੀ :** ਸ੍ਰੀ ਗੁਰੂ ਅਰਜਨ ਸਾਹਿਬ ਨੂੰ ਆਪਣੇ ਤੋਂ ਪੂਰਬਲੀ ਬਾਣੀ ਇਕ ਸੰਗ੍ਰਹਿ ਦੇ ਰੂਪ ਵਿਚ ਪ੍ਰਾਪਤ ਹੋਈ ਸੀ। ਸਮੁੱਚੀ ਗੁਰਬਾਣੀ ਵਿਚ ਕੇਵਲ ਇਕ ਹੀ ਕਵੀ ਛਾਪ 'ਨਾਨਕ' ਵਰਤੀ ਹੋਈ ਮਿਲਦੀ ਹੈ। ਦਾਰਸ਼ਨਿਕ ਸਿਧਾਂਤਾਂ ਦੀ ਏਕਤਾ ਕਾਇਮ ਰੱਖਣ ਲਈ ਸ਼ਾਇਦ ਅਜਿਹਾ ਕਰਨਾ ਜ਼ਰੂਰੀ ਸੀ, ਪਰ ਸੰਪਾਦਕੀ ਦ੍ਰਿਸ਼ਟੀਕੋਣ ਤੋਂ ਇਹ ਇਕ ਗੁੰਝਲਦਾਰ ਮਸਲਾ ਸੀ ਕਿਉਂਕਿ ਇਕ ਹੀ ਕਵੀ-ਛਾਪ ਹੋਣ ਕਰਕੇ ਪਾਠਕ ਲਈ ਇਹ ਨਿਰਣਾ ਕਰ ਸਕਣਾ ਔਖਾ ਸੀ ਕਿ ਕਿਹੜੀ ਰਚਨਾ ਅਥਵਾ ਬਾਣੀ ਕਿਹੜੇ ਗੁਰੂ ਸਾਹਿਬ ਦੀ ਹੈ? ਇਸ ਲਈ ਸੰਪਾਦਕ ਦੀ ਇਹ ਜ਼ਿੰਮੇਵਾਰੀ ਸੀ ਕਿ ਉਹ ਸੰਗ੍ਰਹਿ ਦੇ ਬਾਣੀਕਾਰਾਂ ਬਾਰੇ ਫੈਸਲਾਕੁੰਨ ਸੂਚਨਾ ਦੇਵੇ। ਇਹ ਗੁੰਝਲ ਖੋਲ੍ਹਣ ਲਈ 'ਮਹਲਾ' ਸੰਕੇਤ ਲੱਭਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਕਤ ਬਾਬੇ ਮੋਹਨ ਵਾਲੀਆਂ ਜਿਹੜੀਆਂ ਪੋਥੀਆਂ (ਇਕ ਹੋਰ ਪ੍ਰਸਿੱਧ ਨਾਂ ਗੋਇੰਦਵਾਲ ਵਾਲੀਆਂ ਪੋਥੀਆਂ) ਦੀ ਵਰਤੋਂ ਕੀਤੀ ਗਈ, (ਪ੍ਰਤਿਲਿੱਪੀ ਕਾਲ 1570 ਈ:) ਉਸ ਵਿਚ ਲੇਖਕ ਸੰਕੇਤ ਇਸ ਤਰ੍ਹਾਂ ਦਿੱਤੇ ਗਏ ਹਨ: ਸੋਰਠ ਬਾਬੇ ਜੀ ਕਾ। ਧਨਾਸਰੀ ਬਸੰਤ ਬਾਬੇ ਪਾਤਸ਼ਾਹ ਕਾ ਬੋਲਣਾ। ਰਾਗ ਮਾਰੂ ਬਾਬੇ ਪਾਤਸ਼ਾਹ ਕਾ।

ਜ਼ਾਹਿਰ ਹੈ ਕਿ ਇਸ ਬਾਣੀ ਸੰਗ੍ਰਹਿ ਵਿਚ ਲੇਖਕ-ਸੰਕੇਤ ਮਹਲੇ ਵਿਚ ਨਹੀਂ। ਇਸ ਲਈ ਸੰਭਾਵਨਾ ਹੈ ਕਿ ਇਹ ਲੇਖਕ ਸੰਕੇਤ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਲੱਭੇ ਹੋਣਗੇ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੀ ਵਰਤੋਂ



Sri Satguru Jagjit Singh Ji Elibrary NamdhariElibrary@gmail.com

ਕਰਕੇ ਬਾਣੀਕਾਰਾਂ ਬਾਰੇ ਨਿਖੇੜਾ ਕੀਤਾ ਹੋਵੇਗਾ। ਸਾਰੀ ਗੁਰਬਾਣੀ ਵਿਚ ਕਰਤ੍ਰਿਤਵ ਸੰਬੰਧੀ ਇਸ ਤਰ੍ਹਾਂ ਦੀ ਇਕਸਾਰਤਾ ਸਾਡੇ ਮੱਤ ਨੂੰ ਹੋਰ ਵੀ ਪੁਸ਼ਟ ਕਰਦੀ ਹੈ। ਵਾਰਾਂ ਵਿਚ ਪਉੜੀਆਂ ਹੋਰ ਗੁਰੂ ਸਾਹਿਬਾਨ ਦੀਆਂ ਹਨ ਅਤੇ ਸਲੋਕ ਹੋਰ ਗੁਰੂ ਸਾਹਿਬਾਨ ਦੇ, ਇਸ ਸੂਰਤ ਵਿਚ ਇਹ ਨਿਖੇੜ ਹੋਰ ਵੀ ਜ਼ਰੂਰੀ ਬਣ ਜਾਂਦਾ ਸੀ, ਜੋ ਮਹਲਾ ਜਿਹੀ ਵਿਧੀ ਦੀ ਵਰਤੋਂ ਸਦਕਾ ਹੀ ਸੰਭਵ ਸੀ।

ਭਗਤ ਬਾਣੀ ਵਿਚਲੇ ਸ਼ਬਦਾਂ ਵਿਚ ਆਖਰ 'ਤੇ ਸ਼ਬੰਧਕ ਭਗਤ ਕਵੀ ਦਾ ਨਾਂ (ਅੱਧਾ ਜਾਂ ਪੂਰਾ) ਆਉਂਦਾ ਹੈ, ਪ੍ਰੰਤੂ ਸ੍ਰੀ ਗੁਰੂ ਅਰਜਨ ਸਾਹਿਬ ਨੇ ਸ਼ਬਦ ਸ਼ੁਰੂ ਹੋਣ ਤੋਂ ਪਹਿਲਾਂ ਵਿਸ਼ਿਸ਼ਟ ਭਗਤ ਦਾ ਨਾਂ ਵੀ ਦੇ ਦਿੱਤਾ ਹੈ। ਕੁਝ ਉਦਾਹਰਨਾ ਇਸ ਪ੍ਰਕਾਰ ਹਨ:

ਆਸਾ ਬਾਣੀ ਨਾਮਦੇਉ ਜੀ ਕੀ, ਧਨਾਸਰੀ ਭਗਤ ਰਵਿਦਾਸ ਜੀ ਕੀ, ਗੂਜਰੀ ਤ੍ਰਿਲੋਚਨ ਜੀ ਦੇ ਪਦੇ, ਰਾਗੁ ਗੂਜਰੀ ਬਾਣੀ ਭਗਤਾ ਕੀ, ਸ੍ਰੀ ਕਬੀਰ ਜੀਉ ਕਾ ਚਉਪਦਾ, ਰਾਗ ਸੂਹੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ।

ਪਾਠਕ ਇਹਨਾਂ ਉਦਾਹਰਣਾਂ ਵਿਚਲੇ ਆਦਰ ਸੂਚਕ ਸ਼ਬਦ 'ਜੀ', 'ਜੀਉ' ਅਤੇ 'ਸ੍ਰੀ' ਨੋਟ ਕਰਨ ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਵੱਲੋਂ ਹੀ ਵਰਤੇ ਗਏ ਹੋਣਗੇ, ਕਿਉਂਕਿ ਇਸ ਪਦ ਦੀ ਵਰਤੋਂ ਕੋਈ ਵੀ ਆਪਣੇ ਨਾਂ ਨਾਲ ਆਪ ਨਹੀਂ ਕਰਦਾ।

ਗੁਰਬਾਣੀ ਨੂੰ ਭਗਤ ਬਾਣੀ ਨਾਲੋਂ ਨਿਖੇੜਨ (ਕਰਤ੍ਰਿਤਵ ਦੀ ਦ੍ਰਿਸ਼ਟੀ ਤੋਂ) ਲਈ ਗੁਰੂ ਸਾਹਿਬ ਨੇ ਸਪੱਸ਼ਟ ਸੂਚਨਾਵਾਂ ਦਿੱਤੀਆਂ ਹਨ, ਜਿਵੇਂ: ਰਾਗ ਆਸਾ ਬਾਣੀ ਭਗਤਾਂ ਕੀ। ਕਬੀਰ ਜੀਉ। ਬਾਣੀ ਭਗਤਾ ਕੀ ਕਬੀਰ ਨਾਮਦੇਵ ਤਥਾ ਰਵਿਦਾਸ ਕੀ। ਰਾਗ ਆਸਾ ਬਾਣੀ ਭਗਤਾ ਕੀ। ਕਬੀਰ ਜੀਉ, ਨਾਮਦੇਵ ਜੀਉ। ਰਵਿਦਾਸ ਜੀਉ ਆਦਿ। ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਜੀ ਦੇ ਨਾਂ ਇਸ ਕ੍ਰਮ ਅਨੁਸਾਰ ਦਿੱਤੇ ਗਏ ਹਨ, ਉਸ ਕ੍ਰਮ ਅਨੁਸਾਰ ਹੀ ਉਹਨਾਂ ਦੀ ਬਾਣੀ ਦਰਜ ਹੈ।

ਗਾਇਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਕ ਵਿਸ਼ੇਸ਼ ਗੁਣ ਰਾਗਬੱਧਤਾ ਅਤੇ ਭਿੰਨ-ਭਿੰਨ ਗਾਇਨ ਸ਼ੈਲੀਆਂ ਵਿਚ ਹੋਣਾ ਹੈ। ਇਹੋ ਕਾਰਨ ਹੈ ਕਿ ਰਾਗਾਂ ਅਤੇ ਗਾਇਨ ਸ਼ੈਲੀਆਂ ਨਾਲ ਸੰਬੰਧਿਤ ਕਈ ਸੰਪਾਦਕੀ ਸੂਚਨਾਵਾਂ ਵੀ ਉਪਲੱਬਧ ਹਨ। ਮਿਸਾਲ ਵਜੋਂ ਵਾਰ ਗਾਇਕੀ ਨੇ ਗੁਰਬਾਣੀ ਦੀ ਗਾਇਨ ਸ਼ੈਲੀ ਨੂੰ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਕੀਤਾ। ਕੁਝ ਵਾਰਾਂ ਅਜਿਹੀਆਂ ਮਿਲਦੀਆਂ ਹਨ, ਜੋ ਪੂਰਵ ਗੁਰੂ ਨਾਨਕ ਦੇਵ ਜੀ ਕਾਲ ਦੀਆਂ ਮੰਨੀਆਂ ਜਾਂਦੀਆਂ ਹਨ ਅਤੇ ਗਾਇਕੀ ਦੀ ਦ੍ਰਿਸ਼ਟੀ ਤੋਂ ਮੁੱਲਵਾਨ ਸਨ। ਸ੍ਰੀ ਗੁਰੂ ਅਰਜਨ ਸਾਹਿਬ ਨੇ ਜਿਹੜੀ ਵਾਰ ਨੂੰ ਕਿਸੇ ਖਾਸ ਵਾਰ ਦੀ ਤਰਜ 'ਤੇ ਗਾਉਣ ਦੀ ਲੋੜ ਨੂੰ ਮਹਿਸੂਸ ਕੀਤਾ, ਉਸ ਦੇ ਆਰੰਭ ਵਿਚ ਪ੍ਰਚਲਿਤ ਵਾਰ ਦਾ ਨਾਂ ਦੇ ਦਿੱਤਾ ਤਾਂ ਜੋ ਗਾਇਨ ਸੰਬੰਧੀ ਕਿਸੇ ਕਿਸਮ ਦੀ ਕੋਈ ਅਸ਼ਪੱਸ਼ਟਤਾ ਨਾ ਰਹੇ। ਇਹ ਵਾਰਾਂ ਗਿਣਤੀ ਵਿਚ ਨੌ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ 22 ਵਾਰਾਂ ਵਿਚੋਂ ਨੌ ਵਾਰਾਂ ਨੂੰ ਇਹਨਾਂ ਦੀ ਤਰਜ਼ 'ਤੇ ਗਾਉਣ ਦਾ ਆਦੇਸ਼ ਹੈ। ਉਹ ਇਹ ਹਨ:

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥
2. ਗਉੜੀ ਕੀ ਵਾਰ ਮਹਲਾ 5 ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ
3. ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥
4. ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ
5. ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ॥
6. ਰਾਮਕਲੀ ਕੀ ਵਾਰ ਮਹਲਾ ੩ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥
7. ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਦੀ ਧੁਨਿ॥
8. ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ॥
9. ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਦੀ ਧੁਨੀ।

ਇਹ ਧੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਨੇ ਚੜ੍ਹਾਈਆਂ? ਇਸ ਬਾਰੇ ਸਿੱਖ ਜਗਤ ਵਿਚ ਭਿੰਨ-ਭਿੰਨ ਰਾਵਾਂ ਰਹੀਆਂ ਹਨ। ਕੁਝ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਇਹ ਵਾਰਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਅਤੇ ਕੁਝ ਇਸ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਦੁਆਰਾ ਹੀ ਚੜ੍ਹਾਈਆਂ ਗਈਆਂ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦਾ ਕਹਿਣਾ ਹੈ ਇਹਨਾਂ ਧੁਨੀਆਂ ਦਾ ਸੰਕੇਤ ਗੁਰੂ ਅਰਜਨ ਸਾਹਿਬ ਨੇ ਆਪ ਹੀ ਕੀਤਾ ਸੀ। ਸ਼ਬਦਾਰਥ ਦੇ ਸੰਪਾਦਕਾਂ ਨੇ ਇਸ ਵਿਵਾਦ ਵੱਲ ਇਸ਼ਾਰਾ ਕਰਦਿਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਲੀ ਮਾਨਤਾ ਨੂੰ ਸਪੱਸ਼ਟ ਤੌਰ 'ਤੇ ਅਸਵੀਕਾਰ ਕਰਦਿਆਂ ਕਿਹਾ ਹੈ, "ਆਮ ਤੌਰ 'ਤੇ ਲਿਖਾਰੀ ਧੁਨੀ



Sri Satguru Jagjit Singh Ji Elibrary NamdhariElibrary@gmail.com

ਚੜ੍ਹਾਉਣ ਦਾ ਸੰਬੰਧ ਛੇਵੇਂ ਪਾਤਿਸ਼ਾਹ ਨਾਲ ਦੱਸਦੇ ਹਨ ਪਰ ਇਹ ਠੀਕ ਨਹੀਂ, ਕਿਉਂਕਿ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਜਿਸ ਕਲਮ ਤੇ ਸਿਆਹੀ ਨਾਲ ਵਾਰਾਂ ਲਿਖੀਆਂ ਹੋਈਆਂ ਹਨ, ਉਸੇ ਨਾਲ ਧੁਨਾਂ ਲਿਖੀਆਂ ਹੋਈਆਂ ਹਨ। ਹੋ ਸਕਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਹਨਾਂ ਧੁਨਾਂ ਨੂੰ ਸੰਗਤਾਂ ਵਿਚ ਵਧੇਰੇ ਪ੍ਰਚਲਿਤ ਕੀਤਾ ਹੋਵੇ। ਵਾਰਾਂ ਦੀ ਤਰ੍ਹਾਂ ਹੀ ਪਹਰਿਆਂ ਵਿਚ ਵੀ ਗਾਇਨ ਦਾ ਆਦੇਸ਼ ਹੈ ਜਿਵੇਂ: ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ॥ ਪਹਰਿਆ ਕੈ ਘਰਿ ਗਾਵਣਾ॥ ਪਹਿਰੇ ਆਮ ਕਰਕੇ ਘਰ ਪਹਿਲਾ ਵਿਚ ਗਾਏ ਜਾਣ ਦਾ ਆਦੇਸ਼ ਹੈ, ਇਸ ਲਈ ਇਸ ਸੂਚਨਾ ਦਾ ਵੀ ਅਰਥ ਇਹ ਹੋਇਆ ਕਿ ਇਸ ਸ਼ਬਦ ਨੂੰ ਵੀ ਪਹਿਲੇ ਘਰ ਵਿਚ ਹੀ ਗਾਉਣਾ ਹੈ। ਕਿਧਰੇ-ਕਿਧਰੇ ਕਿਸੇ ਸ਼ਬਦ ਨੂੰ ਕਿਸੇ ਹੋਰ ਰਾਗ ਵਿਚਲੇ ਸ਼ਬਦ ਦੀ ਧਾਰਨਾ ਉੱਪਰ ਗਾਉਣ ਦੀ ਸੂਚਨਾ ਜਾਂ ਆਦੇਸ਼-ਨਿਰਦੇਸ਼ ਵੀ ਹੈ। ਸਪੱਸ਼ਟਤਾ ਲਈ ਸੰਬੰਧਿਤ ਸ਼ਬਦ ਦੀ ਪਹਿਲੀ ਸਤਰ ਦੇ ਦਿੱਤੀ ਗਈ ਹੈ, ਜਿਵੇਂ ਸਿਰੀਰਾਗੁ ਕਬੀਰ ਜੀਉ ਕਾ। ਏਕੁ ਸੁਆਨੁ ਕੈ ਘਰਿ ਗਾਵਣਾ। ਸਪੱਸ਼ਟ ਹੋਇਆ ਕਿ ਇਹ ਸ਼ਬਦ ਉਸ ਸ਼ਬਦ ਦੀ ਧਾਰਨਾ/ਘਰ ਵਿਚ ਗਾਉਣਾ ਹੈ, ਜਿਸ ਦੀ ਆਰੰਭਲੀ ਸਤਰ 'ਏਕੁ ਸੁਆਨੁ ਦੁਇ ਸੁਆਨੀ ਨਾਲਿ' ਹੈ। ਇਹ ਸ਼ਬਦ ਘਰ ਚਾਰ ਵਿਚ ਗਾਉਣਾ ਹੈ, ਜਿਸ ਦੀ ਸੂਚਨਾ ਇਸ ਸ਼ਬਦ ਉੱਪਰ ਦਰਜ ਵੀ ਹੈ। ਇਸ ਲਈ ਸਾਬਤ ਹੋਇਆ ਕਿ ਇਹ ਸ਼ਬਦ ਵੀ ਘਰ ਚਾਰ ਵਿਚ ਹੀ ਗਾਉਣਾ ਹੈ। ਇਸੇ ਤਰ੍ਹਾਂ ਇਕ ਹੋਰ ਥਾਂ ਇਹ ਸੂਚਨਾ ਹੈ-ਰਾਗੁ ਬਿਲਾਵਲ ਮਹਲਾ 5 ਘਰੁ 2 ਯਾਨੜੀਏ ਕੈ ਘਰਿ ਗਾਵਣਾ। ਇਸ ਦਾ ਅਰਥ ਇਹ ਹੋਇਆ ਕਿ ਇਸ ਸ਼ਬਦ ਨੂੰ ਰਾਗ ਤਲੰਗ ਦੇ ਉਸ ਸ਼ਬਦ ਦੀ ਧਾਰਨਾ ਉੱਪਰ ਗਾਉਣਾ ਹੈ ਜਿਸ ਦੀ ਆਰੰਭਲੀ ਸਤਰ 'ਇਆਨੜੀਏ ਮਾਨੜਾ ਕਾਇ ਕਰੇਹਿ' ਹੈ। ਰਾਗ ਤਿਲੰਗ ਵਿਚਲਾ ਇਹ ਸ਼ਬਦ ਕਿਉਂਕਿ ਘਰੁ ਤਿੰਨ ਵਿਚ ਹੈ, ਇਸ ਲਈ ਇਹ ਸ਼ਬਦ ਵੀ ਘਰੁ ਤਿੰਨ ਵਿਚ ਹੀ ਗਾਇਆ ਜਾਵੇਗਾ।

ਘਰੁ ਜਾਂ ਤਾਲ ਦੀ ਸੂਚਨਾ ਦੇਣ ਦੀ ਦੂਜੀ ਵਿਧੀ ਹੈ ਸਿਰਲੇਖ ਹੇਠਾਂ ਅੰਕ ਦੇਣੇ। ਪਰ ਇਹ ਵਿਧੀ ਕੇਵਲ ਇਕ ਥਾਂ ਗਉੜੀ ਰਾਗੁ ਵਿਚਲੀ ਉਸ ਬਾਣੀ ਵਿਚ ਹੈ, ਜੋ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਰਚੀ ਹੋਈ ਹੈ।

ਘਰੁ ਨੂੰ ਅੰਕਤ ਕਰਨ ਦੀ ਤੀਜੀ ਵਿਧੀ ਹੈ ਅੰਕਾਂ ਦਾ ਸਿਰਲੇਖਾਂ ਦੇ ਹੇਠਾਂ ਦੇਣ ਦੀ ਬਜਾਇ ਉਹਨਾਂ ਦੇ ਨਾਲ ਹੀ ਦੇਣਾ। ਮਿਸਾਲ ਵਜੋਂ ਗਉੜੀ ਪੂਰਬੀ 11, ਗਉੜੀ ਪੂਰਬੀ 12 ਅਤੇ ਗਉੜੀ ਪੂਰਬੀ 13 ਆਦਿ। ਇਹ ਅੰਕ ਬੇਸ਼ੱਕ ਸਿਰਲੇਖਾਂ ਦੇ ਹੀ ਭਾਗ ਹਨ ਪਰ ਇਹ ਮਹਲਿਆਂ ਦੇ ਸੂਚਕ ਹਰਗਿਜ਼ ਨਹੀਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਬਾਣੀਕਾਰਾਂ ਦੇ ਸੂਚਕ ਮਹਲੇ ਤਾਂ 1 ਤੋਂ 5 ਅਤੇ 9 ਹਨ। ਇਸ ਲਈ ਇਹ ਅੰਕ ਘਰ ਦੇ ਸੂਚਕ ਹੀ ਹਨ।

ਗਾਇਨ ਨਾਲ ਸੰਬੰਧਿਤ ਕੁਝ ਸੂਚਨਾਵਾਂ ਜਤਿ, ਪੜਤਾਲ ਆਦਿ ਨਾਂ ਥੱਲੇ ਵੀ ਮਿਲਦੀਆਂ ਹਨ। ਇਕ ਸਿਰਲੇਖ ਹੈ 'ਆਸਾ ਮਹਲਾ 5 ਬਿਰਹੜੇ ਘਰੁ 4 ਛੰਤਾਂ ਕੀ ਜਤਿ। ਇਸ ਵਾਕੰਸ਼ ਵਿਚ ਘਰ 4 ਛੰਤਾਂ ਕੀ ਜਤਿ ਦਾ ਭਾਵ ਹੈ ਕਿ ਇਹਨਾਂ ਸ਼ਬਦਾਂ ਨੂੰ ਚਾਰ ਘਰ ਵਿਚ ਗਾਉਣ ਵਾਲੇ ਛੰਦਾਂ ਦੀ ਧਾਰਨਾ ਉੱਤੇ ਗਾਵਣਾ। 'ਜਤਿ' ਰਾਗ ਵਿੱਦਿਆ ਵਿਚ ਇਕ ਤਕਨੀਕੀ ਸੰਕੇਤ ਹੈ। ਬਾਣੀ ਬਿਉਰਾ ਅਨੁਸਾਰ ਜਦ ਸੱਜਾ ਹੱਥ ਉਂਗਲੀਆਂ ਵਿਚੋਂ ਜੋੜੀ ਦੇ ਕੰਢੇ ਤੇ ਵਿਚਕਾਰ ਕੰਮ ਕਰਦਾ ਅਤੇ ਖੱਬਾ ਹੱਥ ਖੁੱਲ੍ਹਾ ਜ਼ੋਰ ਨਾਲ ਵੱਜੇ ਤਾਂ ਉਸ ਨੂੰ ਜਤਿ ਕਹਿੰਦੇ ਹਨ। ਪ੍ਰੋ: ਸਾਹਿਬ ਸਿੰਘ ਜਤਿ ਨੂੰ ਇਕ ਚਾਲ ਮੰਨਦੇ ਹਨ ਅਤੇ ਦੱਸਦੇ ਹਨ ਕਿ ਇਹਨਾਂ ਦੀ ਚਾਲ ਛੰਤਾਂ ਵਾਲੀ ਹੈ। "ਪੜਤਾਲ ਦਾ ਅਰਥ ਤਾਲ ਦਾ ਪਰਤ-ਪਰਤ ਕੇ ਗਾਉਣਾ ਹੈ।

ਅਗਲੇਰੀ ਸੂਚਨਾ ਕਿਸੇ ਵਿਸ਼ੇਸ਼ ਲੋਕ ਛੰਦ ਜਾਂ ਧਾਰਨਾ ਉੱਪਰ ਗਾਉਣ ਸੰਬੰਧੀ ਹੈ। ਮਿਸਾਲ ਵਜੋਂ ਕੁਝ ਸਿਰਲੇਖ ਹਨ: ਗਉੜੀ ਬੈਰਾਗਣਿ ਰਹੋਏ ਕੇ ਛੰਤ ਘਰਿ ਮ.5, ਵਡਹੰਸ ਮਹਲਾ 4 ਘੋੜੀਆਂ, ਰਾਗੁ ਵਡਹੰਸੁ ਮਹਲਾ 1 ਘਰੁ 5 ਅਲਾਹਣੀਆ, ਗਉੜੀ ਪੂਰਬੀ ਮਹਲਾ 4 ਕਰਹਲੇ ਅਤੇ ਰਾਮਕਲੀ ਸਦੁ। ਇਹਨਾਂ ਵਿਚੋਂ ਘੋੜੀਆਂ ਮੰਗਲ ਗੀਤ ਹਨ ਕਿਉਂਕਿ ਇਹ ਵਿਆਹ-ਸ਼ਾਦੀ ਮੌਕੇ 'ਤੇ ਗਾਏ ਜਾਂਦੇ ਹਨ ਜਦ ਕਿ ਅਲਾਹਣੀਆਂ ਸ਼ੋਕ ਗੀਤ ਹਨ, ਜੋ ਪ੍ਰਾਣੀ ਦੀ ਮੌਤ ਵੇਲੇ ਗਾਏ ਜਾਂਦੇ ਹਨ। ਕਰਹਲੇ ਉਹ ਲੰਮੀ ਸੁਰ ਵਾਲੇ ਗੀਤ ਹੁੰਦੇ ਹਨ, ਜੋ ਵਪਾਰੀ ਊਠਾਂ 'ਤੇ ਮਾਲ ਲੱਦ ਦੇ ਦੂਰ ਦੇਸ਼ਾਂ ਵਿਚ ਪਹੁੰਚਾਉਣ ਲਈ ਤੇ ਵਕਤ-ਕੱਟੀ ਲਈ ਸਫ਼ਰ ਵਿਚ ਗਾਉਂਦੇ ਹਨ। ਸੱਦ ਅਤੇ ਰਹੋਆ ਵੀ ਲੰਮੀਆਂ ਹੇਕਾਂ ਵਾਲੇ ਗੀਤ ਹਨ। ਅਸੀਂ ਜਾਣਦੇ ਹਾਂ ਕਿ ਜਿਹੜੀ ਭਗਤ ਬਾਣੀ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਉਸ ਵਿਚ ਹਰ ਤਰ੍ਹਾਂ ਦੀ ਉਹ ਸੰਪਾਦਕੀ ਇਕਸਾਰਤਾ ਹੈ ਜੋ ਗੁਰਬਾਣੀ ਵਿਚ ਹੈ, ਜਿਵੇਂ ਰਾਗਾਂ ਦੇ ਨਾਂ, ਕਾਵਿ ਰੂਪਾਂ/ਛੰਦਾਂ ਅਤੇ ਬਾਣੀਆਂ ਦੇ ਨਾਂ ਆਦਿ, ਪਰ ਜਿਹੜੀ ਭਗਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਕੀ ਉਸ ਵਿਚ ਵੀ ਅਜਿਹੀਆਂ ਸੂਚਨਾਵਾਂ



Sri Satguru Jagjit Singh Ji Elibrary NamdhariElibrary@gmail.com

ਹਨ, ਇਹ ਪਰਖਣ ਦੀ ਲੋੜ ਹੈ। ਮਿਸਾਲ ਵਜੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਆਦਿ ਭਗਤਾਂ ਦੀ ਜਿਹੜੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਨਹੀਂ, ਰਾਗ-ਸੰਕੇਤ ਆਦਿ ਨੂੰ ਲੈ ਕੇ ਉਸ ਵਿਚ ਕਾਫੀ ਵਖਰੇਵਾਂ ਹੈ। ਡਾ. ਸਰਨਾਮ ਸਿੰਘ ਸ਼ਰਮਾ ਅਜਿਹੇ ਹਿੰਦੀ ਵਿਦਵਾਨ ਹਨ, ਜਿਹਨਾਂ ਨੂੰ ਕਬੀਰ ਬਾਣੀ ਦੇ ਬਹੁਪੱਖੀ ਅਧਿਐਨ ਸਦਕਾ ਡੀ. ਲਿਟ. ਦੀ ਉਪਾਧੀ ਪ੍ਰਾਪਤ ਹੋਈ ਹੈ ਅਤੇ ਉਹਨਾਂ ਨੇ ਕਬੀਰ ਬਾਣੀ ਦਾ ਇਕ ਸੰਕਲਨ ਵੀ ਤਿਆਰ ਕੀਤਾ ਹੈ। ਡਾ. ਸ਼ਰਮਾਂ ਦੀ ਸੰਕਲਿਤ ਕੀਤੀ ਕਬੀਰ ਬਾਣੀ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ, ਜਿਸ ਉੱਪਰ ਰਾਗ, ਕਾਵਿ ਰੂਪ ਦਾ ਨਾਂ, ਗਾਇਨ ਦੀਆਂ ਬਾਰੀਕੀਆਂ ਜਾਂ ਹੋਰ ਕਿਸੇ ਵੀ ਕਿਸਮ ਦੀ ਸੂਚਨਾ ਅੰਕਿਤ ਹੋਵੇ। ਉਹਨਾਂ ਨੇ ਤਾਂ ਕਬੀਰ ਬਾਣੀ ਦੇ ਰਾਗਬੱਧ ਹੋਣ ਦੀ ਸੰਭਾਵਨਾ ਨੂੰ ਸਾਫ ਤੌਰ 'ਤੇ ਨਕਾਰਦਿਆਂ ਹੋਇਆਂ ਲਿਖਿਆ ਹੈ, "ਹੋ ਸਕਦਾ ਹੈ ਕਿ ਇਹ ਪਦ ਕਬੀਰ ਦੇ ਸਮੇਂ ਹੀ ਰਾਗਾਂ ਦੇ ਅਨੁਸਾਰ ਗਾਏ ਗਏ ਹੋਣ, ਕਿੰਤੂ ਕਬੀਰ ਜੀ ਨੇ ਇਹਨਾਂ ਦੀ ਰਚਨਾ ਰਾਗਾਂ ਅਨੁਸਾਰ ਕੀਤੀ ਸੀ, ਅਜਿਹਾ ਮੰਨਣ ਲਈ ਕੋਈ ਪ੍ਰਮਾਣ ਨਹੀਂ ਹੈ।"

ਭਗਤ ਰਵਿਦਾਸ ਜੀ ਦੀ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਹੈ, ਉਸ ਦੇ ਪ੍ਰਾਚੀਨਤਮ ਰੂਪ ਵਿਚ ਮੁੱਖ ਰਾਗ ਸਿਰਲੇਖ ਤਾਂ ਹਨ ਪਰ ਉਸ ਵਿਚ ਗਾਇਨ ਸ਼ੈਲੀ ਦੀਆਂ ਉਹ ਬਾਰੀਕੀਆਂ ਹਨ, ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਹਨ। ਕਹਿਣ ਦੀ ਲੋੜ ਨਹੀਂ ਕਿ ਬਾਰੀਕੀ-ਸੂਚਕ ਇਹ ਉਕਤੀਆਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਹੀ ਦਿੱਤੀਆਂ ਹਨ। ਇਕ-ਅੱਧ ਥਾਂ ਕਿਸੇ ਰਾਗ/ਰਾਗਣੀ ਦੇ ਸ਼ੁੱਧ ਜਾਂ ਮਿਸ਼ਰਤ ਹੋਣ ਸੰਬੰਧੀ ਵੀ ਸੂਚਨਾ ਹੈ। ਇਹ ਬਾਣੀ ਸਿਰਲੇਖ ਹੈ: ਰਾਗ ਆਸਾਵਰੀ ਘਰ 16 ਕੇ ਮਹਲਾ 4 ਸੁਧੰਗ। ਸੁਧੰਗ ਦੋ ਸ਼ਬਦਾਂ ਸ਼ੁੱਧ+ਅੰਗ ਦਾ ਸੰਯੁਕਤ ਰੂਪ ਹੈ। ਇਸ ਲਈ ਇੱਥੇ ਸੁਧੰਗ ਦਾ ਅਰਥ ਹੈ ਸ਼ੁੱਧ ਸੁਰ ਜਾਂ ਅੰਗ ਵਾਲੀ। ਸ਼ਬਦਾਰਥ ਦੇ ਸੰਪਾਦਕਾਂ ਦਾ ਇਸ ਸਿਰਲੇਖ ਬਾਬਤ ਨਿਰਣਾ ਹੈ, "ਇਥੇ ਆਸਾਵਰੀ ਸ਼ੁੱਧ ਅੰਗ ਵਾਲੀ ਕਰਕੇ ਆਖੀ ਗਈ ਹੈ। ਇਹ ਸੂਚਨਾ ਤਰਜ਼ ਬਾਬਤ ਹੈ ਕਿ 16 ਵਾਰ (ਤਾਲ) ਵਿਚ ਆਸਾਵਰੀ ਸ਼ੁੱਧ ਅੰਗ ਵਿਚ ਗਾਵਣ ਵਾਲੀ ਹੈ।"

ਨਾਮਕਰਣ :ਰਚਨਾ ਵਿਸ਼ੇਸ਼ ਦੇ ਕਾਵਿ ਰੂਪ ਦਾ ਉਸ ਵਿਚਲੇ ਭਾਵਾਂ/ਵਿਚਾਰਾਂ ਨੂੰ ਆਧਾਰ ਬਣਾ ਕੇ ਉਸ ਦਾ ਢੁਕਵਾਂ ਨਾਂ ਰੱਖਣਾ ਜਾਂ ਉਸ ਨੂੰ ਸਿਰਲੇਖ ਦੇਣਾ ਵੀ ਸੰਪਾਦਕ ਦੇ ਕਾਰਜਾਂ ਵਿਚ ਸ਼ਾਮਲ ਹੈ, ਵਿਸ਼ੇਸ਼ ਕਰਕੇ ਉਦੋਂ ਜਦੋਂ ਮੂਲ ਲੇਖਕ ਨੇ ਆਪਣੇ ਕੋਲੋਂ ਕੋਈ ਸਿਰਲੇਖ ਨਾ ਦਿੱਤਾ ਹੋਵੇ। ਗੁਰੂ ਅਰਜਨ ਸਾਹਿਬ ਜੀ ਦੀ ਸੰਪਾਦਕੀ ਸੂਝ ਦਾ ਇਹ ਵਿਸ਼ੇਸ਼ ਪਹਿਲੂ ਹੈ ਕਿ ਉਹਨਾਂ ਤਕਰੀਬਨ ਹਰ ਲੰਮੇਰੀ ਜਾਂ ਛੁਟੇਰੀ ਬਾਣੀ ਨੂੰ ਢੁੱਕਵਾਂ ਸਿਰਲੇਖ ਨਾਂ ਦਿੱਤਾ ਹੈ। 'ਸੋਦਰੁ', 'ਸੋਹਿਲਾ', 'ਸੁਖਮਨੀ', 'ਅਨੰਦੁ', 'ਓਅੰਕਾਰ' ਅਤੇ 'ਸਿਧ ਗੋਸਟਿ' ਆਦਿ ਅਜਿਹੇ ਹੀ ਬਾਣੀ ਸਿਰਲੇਖ ਹਨ। ਇਹਨਾਂ ਸਿਰਲੇਖਾਂ ਦਾ ਆਧਾਰ ਬਹੁਤ ਵਾਰੀ ਕਿਸੇ ਸ਼ਬਦ ਦੀ ਆਰੰਭਲੀ/ਅਖੀਰਲੀ ਸਤਰ ਵਿਚ ਆਇਆ ਸ਼ਬਦ ਵਿਸ਼ੇਸ਼ ਹੈ। ਸੋਦਰੁ "ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ" ਸਤਰ ਵਿਚ ਆਏ ਆਰੰਭਲੇ ਸ਼ਬਦ 'ਤੇ ਆਧਾਰਿਤ ਹੈ, ਜਦ ਕਿ ਸੋਹਿਲਾ 'ਤਿਤੁ ਘਰਿ ਗਾਵਹੁ ਸੋਹਿਲਾ' ਤੋਂ, ਸੁਖਮਨੀ, 'ਨਾਨਕ ਇਹ ਗੁਣਿ ਨਾਮੁ ਸੁਖਮਨੀ' ਤੋਂ ਅਤੇ ਓਅੰਕਾਰਿ 'ਓਅੰਕਾਰਿ ਬ੍ਰਹਮਾ ਉਤਪਤਿ' ਤੋਂ ਲਿਆ ਗਿਆ ਹੈ।

ਓਅੰਕਾਰਿ ਅਤੇ ਗੋਸਟਿ ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਬਾਣੀਆਂ ਹਨ, ਜਦਕਿ ਅਨੰਦੁ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਜੀ ਅਤੇ 'ਸੁਖਮਨੀ' ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ। 'ਸੋਦਰੁ' ਅਤੇ 'ਸੋਹਿਲਾ' ਸੰਪਾਦਿਤ ਬਾਣੀਆਂ ਹਨ, ਜੋ ਯਕੀਨਨ ਸ੍ਰੀ ਗੁਰੂ ਅਰਜਨ ਸਾਹਿਬ ਨੇ ਸੰਪਾਦਿਤ ਕੀਤੀਆਂ ਹੋਣਗੀਆਂ, ਕਿਉਂਕਿ ਉਹ ਇਹਨਾਂ ਵਿਚ ਕ੍ਰਮ ਅਨੁਸਾਰ ਆਖਰੀ ਬਾਣੀਕਾਰ ਹਨ। ਸੋਦਰੁ ਦੇ ਪੰਜਾਂ ਸ਼ਬਦਾਂ ਵਿਚੋਂ ਤਿੰਨ ਸ਼ਬਦ ਰਾਗ ਆਸਾ ਵਿਚੋਂ ਅਤੇ ਦੋ ਰਾਗ ਗੂਜਰੀ ਵਿਚੋਂ ਹਨ। ਇਸੇ ਤਰ੍ਹਾਂ ਸੋਹਿਲਾ ਦੇ ਪੰਜਾਂ ਸ਼ਬਦਾਂ ਵਿਚੋਂ ਅਤੇ ਦੋ ਰਾਗ ਗੂਜਰੀ ਵਿਚੋਂ ਹਨ। ਇਸੇ ਤਰ੍ਹਾਂ ਸੋਹਿਲਾ ਦੇ ਪੰਜਾਂ ਸ਼ਬਦਾਂ ਵਿਚੋਂ ਇਕ ਰਾਗ ਗਉੜੀ ਦੀਪਕੀ ਵਿਚੋਂ, ਇਕ ਰਾਗ ਆਸਾ ਵਿਚੋਂ, ਇਕ ਧਨਾਸਰੀ ਵਿਚੋਂ ਅਤੇ ਦੋ ਗਉੜੀ ਪੂਰਬੀ ਵਿਚੋਂ ਹਨ। ਇਹਨਾਂ ਦੋਹਾਂ ਬਾਣੀਆਂ ਦੇ ਸੰਪਾਦਿਤ ਹੋਈਆਂ ਹੋਣ, ਦੇ ਹੱਕ ਵਿਚ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਇਹਨਾਂ ਵਿਚਲੇ ਸਾਰੇ ਸ਼ਬਦ ਇਥੇ ਸੰਚਿਤ ਹੋਣ ਦੇ ਨਾਲ ਨਾਲ ਸੰਬੰਧਿਤ ਰਾਗਾਂ ਵਿਚ ਵੀ ਮਿਲਦੇ ਹਨ। ਪਟੀ ਅਤੇ ਬਾਵਨ ਅਖਰੀ ਅਜਿਹੀਆਂ ਬਾਣੀਆਂ ਹਨ, ਜਿਹਨਾਂ ਦਾ ਆਧਾਰ ਕ੍ਰਮਵਾਰ ਗੁਰਮੁਖੀ ਅਤੇ ਦੇਵਨਾਗਰੀ ਵਰਣਮਾਲਾ ਹੈ। ਇਸ ਸੰਬੰਧੀ ਦ੍ਰਿੜਤਾ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਬਾਣੀਆਂ ਦੇ ਸਿਰਲੇਖ ਵੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਹੀ ਦਿੱਤੇ ਹੋਣਗੇ, ਕਿਉਂਕਿ ਇਹ ਸਿਰਲੇਖ ਪਹਿਲਾਂ ਹੀ ਨਿਸ਼ਚਿਤ ਹੁੰਦੇ ਸਨ, ਪਰ ਇਹ ਗੱਲ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਸੰਪਾਦਕੀ ਯੋਜਨਾ ਵਿਚ ਇਕਸਾਰਤਾ ਰੱਖਣ ਲਈ ਸ੍ਰੀ ਗੁਰੂ ਅਰਜਨ ਸਾਹਿਬ ਨੇ ਉਹਨਾਂ ਸਾਰੀਆਂ ਬਾਣੀਆਂ ਦੇ ਸਿਰਲੇਖ



Sri Satguru Jagjit Singh Ji Elibrary NamdhariElibrary@gmail.com

ਆਪਣੇ ਕੋਲੋਂ ਦਿੱਤੇ, ਜਿਹਨਾਂ ਉੱਪਰ ਪਹਿਲਾਂ ਸਿਰਲੇਖ ਨਹੀਂ ਸਨ। 'ਸਲੋਕ ਵਾਰਾਂ ਤੇ ਵਧੀਕ' ਅਜਿਹਾ ਸਿਰਲੇਖ ਹੈ ਜੋ ਯਕੀਨਨ ਸੰਪਾਦਕ ਦਾ ਹੀ ਦਿੱਤਾ ਹੋਇਆ ਹੈ। ਇਹ ਸਿਰਲੇਖ ਵਾਰਾਂ ਵਿਚ ਦਰਜ ਹੋਣ ਤੋਂ ਵਧ ਰਹੇ ਸਲੋਕਾਂ ਦਾ ਹੈ।

**ਗਿਣਤੀ ਸੂਚਕ :** ਹਰ ਰਾਗ ਵਿਚ ਕਾਵਿ ਰੂਪ ਵਿਸ਼ੇਸ਼ ਦੀਆਂ ਇਕਾਈਆਂ ਦੀ ਆਪਣੀ ਅਤੇ ਕਾਵਿ ਰੂਪ/ਛੰਦ ਦੀ ਆਪਣੀ ਗਿਣਤੀ ਨਾਲੋ-ਨਾਲ ਚੱਲਦੀ ਹੈ। ਜਿੱਥੇ ਇਕ ਵਿਸ਼ੇਸ਼ ਕਾਵਿ ਰੂਪ ਵਿਚਲੀ ਬਾਣੀ ਸਮਾਪਤ ਹੁੰਦੀ ਹੈ, ਉਥੇ ਇਕਾਈਆਂ (ਚਰਣਾਂ) ਅਤੇ ਛੰਦਾਂ ਦੀ ਗਿਣਤੀ ਵੀ ਦਿੱਤੀ ਗਈ ਹੈ। ਗਿਣਤੀ ਦੀਆਂ ਅੱਗੋਂ ਦੋ ਵਿਧੀਆਂ ਹਨ ਜਿਹਨਾਂ ਵਿਚੋਂ ਇਕ ਨੂੰ ਅੰਕ ਵਿਧੀ ਅਤੇ ਦੂਜੀ ਨੂੰ ਸ਼ਬਦ ਜਾਂ ਅੱਖਰ ਵਿਧੀ ਕਿਹਾ ਜਾ ਸਕਦਾ ਹੈ। ਮਿਸਾਲ ਵਜੋਂ ਸੁਖਮਨੀ ਸਾਹਿਬ ਅਸਟਪਦੀਆਂ ਵਿਚ ਲਿਖੀ ਗਈ ਰਚਨਾ ਹੈ। ਅਸਟਪਦੀ ਦੇ ਅੱਠ ਪਦ ਹੁੰਦੇ ਹਨ, ਇਸ ਲਈ ਹਰ ਅਸਟਪਦੀ ਦੇ ਪਦਿਆਂ ਦੀ ਗਿਣਤੀ ਵੀ ਦਿੱਤੀ ਗਈ ਹੈ ਅਤੇ ਅਖੀਰ ਤੇ ਸਾਰੀਆਂ ਅਸਟਪਦੀਆਂ ਤੇ ਪਦਿਆਂ ਤੇ ਸਾਰੀਆਂ ਅਸਟਪਦੀਆਂ ਤੇ ਪਦਿਆਂ ਦੀ ਗਿਣਤੀ ਵੀ ਹੈ। ਸੁਖਮਨੀ ਸਾਹਿਬ ਦੇ ਅਖੀਰ ਤੇ ਦੋ ਅੰਕ ਹਨ 8॥24॥, ਇਥੇ 8 ਅਸਟਪਦੀ ਦੇ ਆਖਰੀ ਬੰਦ ਦਾ ਸੂਚਕ ਹੈ ਅਤੇ 24 ਅਸਟਪਦੀਆਂ ਦੀ ਕੁੱਲ ਗਿਣਤੀ ਦਾ। ਇਕ ਹੋਰ ਮਿਸਾਲ ਬਾਰਹਮਾਹ ਮਾਝ ਦੀ ਦਿੱਤੀ ਜਾ ਸਕਦੀ ਹੈ। ਜਿੱਥੇ ਬਾਰਹਮਾਹ ਸਮਾਪਤ ਹੁੰਦਾ ਹੈ, ਉੱਥੇ ਇਹ ਸੂਚਕਾਂ ਦਰਜ ਹਨ ॥14॥1 ਇਥੇ 14 ਦੀ ਗਿਣਤੀ ਬੰਦ-ਸੂਚਕ ਹੈ ਜਦ ਕਿ 1 ਬਾਰਹਮਾਹ ਕਾਵਿ-ਰੂਪ ਦੀ ਗਿਣਤੀ ਦਾ ਸੂਚਕ ਹੈ। ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਸੀਂ ਕਹਾਂਗੇ ਕਿ ਇਕ ਬਾਰਹਮਾਹ ਦੇ 14 ਬੰਦ। ਸਿਰੀ ਰਾਗ ਵਿਚ ਮਹਲਾ ਪਹਿਲਾ ਪਹਿਲਾ ਦੇ 33 ਸ਼ਬਦ ਹਨ, ਜਿਹਨਾਂ ਵਿਚੋਂ ਬਹੁਤੇ 4 ਪਦਿਆਂ ਦੇ ਹਨ, ਇਸ ਲਈ ਅੰਤ 'ਤੇ ਜੋੜ ਇਸ ਤਰ੍ਹਾਂ ਦਿੱਤਾ ਹੈ। ॥4॥ 33॥, ਇਥੇ 1 14॥ ਬੰਦ ਦੀ ਆਖਰੀ ਇਕਾਈ ਦਾ ਸੂਚਕ ਹੈ ਜਦ ਕਿ 33 ਸ਼ਬਦਾਂ ਦੀ ਕੁੱਲ ਗਿਣਤੀ ਦਾ। ਇਸੇ ਹੀ ਰਾਗ ਵਿਚ ਮਹਲਾ ਤੀਜਾ ਦੇ 31, ਮਹਲਾ ਚੌਥਾ ਦੇ 6 ਅਤੇ ਮਹਲਾ ਪੰਜਵਾਂ ਦੇ 30 ਪਦੇ ਹਨ। ਇਹਨਾਂ ਸਾਰੇ ਪਦਿਆਂ ਦੀ ਗਿਣਤੀ ਆਖਰ 'ਤੇ ਇਸ ਤਰ੍ਹਾਂ ਦਿੱਤੀ ਹੈ। ॥33॥31॥6॥70॥ ਇਕ ਥਾਂ 'ਤੇ ਕੁੱਲ ਜੋੜ ਦਾ ਸੂਚਕ ਪਦ 'ਜੁਮਲਾ' ਵੀ ਆਇਆ ਹੈ। ਅੱਖਰ ਜਾਂ ਸ਼ਬਦ ਵਿਧੀ ਅੰਕ ਵਿਧੀ ਦੁਆਰਾ ਦਿੱਤੀ ਗਈ ਗਿਣਤੀ ਨੂੰ ਵਧੇਰੇ ਸਪੱਸ਼ਟ ਕਰਨ ਹਿੱਤ ਦਿੱਤੀ ਗਈ ਹੈ। ਕੁਝ ਉਦਾਹਰਨਾਂ ਇਸ ਤਰ੍ਹਾਂ ਹਨ: ਮਹਿਲੇ ਪਹਿਲੇ ਕੇ ਸਤਾਰਹ ਅਸਟਪਦੀਆਂ, ਸਤ ਚਉਪਦੇ ਮਹਲੇ ਚਉਥੇ ਕੇ, ਸੋਲਹ ਅਸਟਪਦੀਆਂ ਗੁਆਰੇਰੀ ਗਉੜੀ ਕੀਆਂ, ਬਾਈਸ ਚਉਪਦੇ ਤਥਾ ਪੰਚਪਦੇ ਅਤੇ ਗਉੜੀ ਗੁਆਰੇਰੀ ਕੇ ਕਦੇ ਪੈਂਤੀਸ ਆਦਿ।

ਇਸ ਪ੍ਰਸੰਗ ਵਿਚ ਇਕ ਹੋਰ ਨੁਕਤਾ ਵੀ ਵਿਚਾਰਨਯੋਗ ਹੈ। ਉਹ ਨੁਕਤਾ ਇਹ ਹੈ ਕਿ ਕਈ ਥਾਈਂ ਕਿਸੇ ਵਿਸ਼ੇਸ਼ ਛੰਦ ਥੱਲੇ ਛੋਟਾ ਜਿਹਾ ਗਿਣਤੀ-ਸੂਚਕ ਅੰਕ ਦੇ ਦਿੱਤਾ ਗਿਆ ਹੈ ਜਿਵੇਂ ਗਉੜੀ ਕਬੀਰ ਜੀ ਪੰਚਪਦੇ/2, ਗਉੜੀ ਕਬੀਰ ਜੀ ਤਿਪਦੇ/ਚਾਰਤੁਕੇ/2, ਗਉੜੀ ਕਬੀਰ ਜੀ ਤਿਪਦੇ/15, ਗਉੜੀ ਕਬੀਰ ਜੀ ਦੁਪਦੇ, ਆਸਾ ਮਹਲਾ 1 ਪੰਚਪਦੇ। ਪਹਿਲੀ ਉਦਾਹਰਣ ਵਿਚ ਪੰਚਪਦੇ ਹੇਠਾਂ ਦੋ ਦੇ ਅੰਕ ਦਾ ਭਾਵ ਇਹ ਹੈ ਕਿ ਅੱਗੋਂ ਦੋ ਪੰਚਪਦੇ ਆਉਂਦੇ ਹਨ। ਚਾਰਤੁਕੇ ਦੇ ਹੇਠਾਂ ਦੋ ਦੇ ਅੰਕ ਦਾ ਭਾਵ ਇਹ ਹੈ ਕਿ ਇਥੋਂ ਅੱਗੇ ਦੋ ਚਾਰਤੁਕੇ ਆਉਣਗੇ। ਇਸੇ ਤਰ੍ਹਾਂ ਤਿਪਦੇ ਦੇ ਹੇਠਾਂ ਪੰਦਰਾਂ ਦਾ ਮਤਲਬ ਹੈ ਕਿ ਅੱਗੋਂ ਪੰਦਰਾ ਤਿਪਦੇ ਆਉਣਗੇ।

**ਸੁਧਾਈ :** ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਸੰਗ੍ਰਹਿ ਵਿਚ ਜਿਹੜੀਆਂ ਵਾਰਾਂ ਪ੍ਰਾਪਤ ਹੋਈਆਂ, ਉਹ ਨਿਰਸੰਦੇਹ ਸਲੋਕਾਂ ਤੋਂ ਬਿਨਾ ਸਨ, ਕਿਉਂਕਿ ਵਾਰ ਦੀ ਰਚਨਾਗਤ ਲੋੜ ਹੀ ਅਜਿਹੀ ਸੀ ਕਿ ਇਸ ਵਿਚ ਦੂਜਾ ਛੰਦ ਸਮਾਅ ਹੀ ਨਹੀਂ ਸੀ ਸਕਦਾ। ਗੁਰੂ ਸਾਹਿਬ ਨੇ ਆਪਣੇ ਸੰਪਾਦਕੀ ਅਧਿਕਾਰ ਵਰਤਦੇ ਹੋਏ ਪਉੜੀਆਂ ਦੇ ਨਾਲ-ਨਾਲ ਵਿਚਾਰਾਂ ਦੀ ਸਮਰੂਪਤਾ ਰੱਖਣ ਵਾਲੇ ਸਲੋਕ ਦਰਜ ਕਰ ਦਿੱਤੇ। ਸ਼ਾਇਦ ਇਹੋ ਕਾਰਨ ਹੈ ਕਿ ਸੰਪਾਦਕ ਵੱਲੋਂ 'ਵਾਰ ਸਲੋਕਾਂ ਨਾਲਿ' ਦੀ ਸੂਚਨਾ ਭ੍ਰਾਂਤੀਆਂ ਨਵਿਰਤ ਕਰਨ ਲਈ ਦੇਣੀ ਪਈ ਹੈ। ਜਿਹਨਾਂ ਵਾਰਾਂ ਨਾਲ ਨਮੂਨੇ ਮਾਤਰ ਇਹ ਸੂਚਨਾ ਦੇਣੀ ਪਈ, ਉਹ ਹਨ:

ਸਿਰੀ ਰਾਗ ਕੀ ਵਾਰ ਮਹਲਾ ੪, ਆਸਾ ਕੀ ਵਾਰ ਮਹਲਾ ੧, ਜੈਤਸਰੀ ਮਹਲਾ ੫ ਵਾਰ, ਵਾਰ ਸੂਹੀ ਕੀ ਮਹਲਾ ੩

ਸਲੋਕ ਟਾਂਕਦੇ ਵਕਤ ਸੰਭਵ ਸੀ ਕਿ ਪ੍ਰਤਿਲਿੱਪੀਕਾਰ ਕੋਲੋਂ ਭੁੱਲਾਂ ਹੋਈਆਂ ਹੋਣ। ਇਸ ਲਈ ਗੁਰੂਸਾਹਿਬ ਨੇ ਖੁਦ ਉਹਨਾਂ ਵਾਰਾਂ ਦੀ ਪੜਤਾਲ ਕਰਕੇ ਉਸ ਨੂੰ ਸੋਧਿਆ ਅਤੇ ਆਖਰ 'ਤੇ ਇਸ ਦੇ ਸੋਧੇ ਹੋਣ ਦੀ ਸੂਚਨਾ 'ਸੁਧੁ ਕੀਚੇ' ਦੇ ਰੂਪ ਵਿਚ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ, ਜਿਹਨਾਂ ਦੇ ਅੰਤ 'ਤੇ ਸੁਧ ਦੀ ਸੂਚਨਾ ਆਈ ਹੈ, ਇਹ ਹਨ:

ਸਿਰੀ ਵਾਰ ਕੀ ਵਾਰ ਮਹਲਾ ੪, ਵਾਰ ਮਾਝ ਕੀ ਮਹਲਾ ੧, ਗਉੜੀ ਕੀ ਵਾਰ ਮਹਲਾ ੪, ਆਸਾ ਕੀ ਵਾਰ ਮਹਲਾ ੧,



Sri Satguru Jagjit Singh Ji Elibrary NamdhariElibrary@gmail.com

ਬਿਹਾਗੜੇ ਕੀ ਵਾਰ ਮਹਲਾ ੪, ਵਡਹੰਸ ਕੀ ਵਾਰ ਮਹਲਾ ੪, ਸੋਰਠਿ ਵਾਰ ਮਹਲਾ ੪ ਕੀ, ਬਿਲਾਵਲ ਕੀ ਵਾਰ ਮਹਲਾ ੪, ਰਾਮਕਲੀ ਕੀਵਾਰ ਮਹਲਾ ੩, ਮਾਰੂ ਵਾਰ ਮਹਲਾ ੩

**ਉਚਾਰਨ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈਆਂ ਥਾਵਾਂ 'ਤੇ ਉਚਾਰਨ ਸੰਬੰਧੀ ਸੂਚਨਾਵਾਂ ਵੀ ਉਪਲੱਬਧ ਹਨ। ਇਹ ਸੂਚਨਾਵਾਂ ਆਮ ਕਰਕੇ ਉਥੇ ਹੀ ਹਨ ਜਿੱਥੇ ਅੰਕ/ਅੰਕਾਂ ਦੀ ਵਰਤੋਂ ਹੋਈ ਮਿਲਦੀ ਹੈ। ਅਜਿਹੇ ਮੌਕਿਆਂ 'ਤੇ ਅੰਕ ਦੇ ਉਚਾਰਨ ਨੂੰ ਮਨਇੱਛਤ ਤਰੀਕੇ ਨਾਲ ਗ੍ਰਹਿਣ ਕਰਨ ਹਿੱਤ ਸੰਪਾਦਕ ਨੇ ਇਹ ਸੂਚਨਾ ਆਪਣੇ ਕੋਲੋਂ ਦਿੱਤੀ ਹੈ। ਉਦਾਹਰਣਾਂ ਇਹ ਹਨ: ਗਉੜੀ ਗੁਆਰੇਰੀ ਮਹਲਾ 4 ਚਉਥਾ ਚਉਪਦੇ। ਇਥੇ ਅੰਕ 4 ਨਾਲ ਚਉਥਾ ਲਿਖਣ ਤੋਂ ਭਾਵ ਹੈ ਕਿ ਅੰਕ 4 ਨੂੰ ਚਾਰ ਨਹੀਂ, ਚਉਥਾ ਹੀ ਪੜ੍ਹਨਾ ਹੈ। ਇਸੇ ਤਰ੍ਹਾਂ 1 ਨੂੰ ਪਹਿਲਾ, 2 ਨੂੰ ਦੂਜਾ, 3 ਨੂੰ ਤੀਜਾ ਪੜ੍ਹਨਾ ਹੈ। ਇਹ ਹਿਦਾਇਤ ਰਹਾਉ ਦੇ ਪ੍ਰਸੰਗ ਵਿਚ ਵੀ ਮਿਲਦੀ ਹੈ, ਜਿਵੇਂ ਰਹਾਉ ਦੂਜਾ, ਰਹਾਉ ਤੀਜਾ। ਕਿਸੇ ਥਾਂ ਅੰਕ ਦੇ ਨਾਲ-ਨਾਲ ਸ਼ਬਦਾਂ ਵਿਚ ਵੀ ਕਿਸੇ ਬਾਣੀ ਦੇ ਕਰਤ੍ਰਿਤਵ ਦੀ ਸੂਚਨਾ ਦੇ ਦਿੱਤੀ ਗਈ ਹੈ, ਜਿਵੇਂ ਸੱਤ ਚਉਪਦੇ ਮਹਲੇ ਚਉਥੇ ਕੇ।

**ਤਤਕਰਾ:** ਸੰਪਾਦਨ ਦੀ ਆਖਰੀ ਪਰ ਰਚਨਾ ਦੀ ਪਹਿਲੀ ਲੋੜ ਹੈ, ਤਤਕਰਾ। ਤਤਕਰੇ ਵਿਚ ਰਚਨਾ ਵਿਚਲੇ ਵੇਰਵਿਆਂ ਨੂੰ ਕੋਈ ਨਾ ਕੋਈ ਸਿਰਲੇਖ ਦੇ ਕੇ ਉਹਨਾਂ ਨੂੰ ਆਰੰਭ ਵਿਚ ਪੰਨੇ ਵਾਰ ਅੰਕਿਤ ਕੀਤਾ ਜਾਂਦਾ ਹੈ। ਤਤਕਰੇ ਤੋਂ ਪਾਠਕ ਨੂੰ ਲੋੜੀਂਦਾ ਵੇਰਵਾ ਲੱਭਣ ਵਿਚ ਬਹੁਤ ਆਸਾਨੀ ਰਹਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀ ਦੇ ਭੰਡਾਰ ਵਿਚੋਂ ਜੇ ਕੋਈ ਸ਼ਬਦ ਲੱਭਣਾ ਹੋਵੇ ਤਾਂ ਕਾਫੀ ਸਮਾਂ ਖਰਚ ਨਹੀਂ ਕਰਨਾ ਪਵੇਗਾ ਅਤੇ ਤਤਕਰੇ ਤੋਂ ਉਹੀ ਸ਼ਬਦ ਅੱਖ ਦੇ ਫੋਰ ਵਿਚ ਲੱਭ ਪਵੇਗਾ। ਗੁਰੂ ਸਾਹਿਬ ਦੀ ਬਾਣੀ ਕਿਉਂਕਿ ਰਾਗਬੱਧ ਹੈ, ਇਸ ਲਈ ਤਤਕਰਾ ਰਾਗਾਂ ਕਾ ਬਣਾ ਕੇ ਆਰੰਭ ਵਿਚ ਦੇ ਦਿੱਤਾ ਗਿਆ ਹੈ, ਪਰ ਇਹ ਗੱਲ ਇਥੇ ਹੀ ਖਤਮ ਹੋ ਗਈ। ਵਿਸ਼ੇਸ਼ ਰਾਗ ਵਿਚ ਜਿੰਨੇ ਸ਼ਬਦ/ਪਦੇ ਆਉਂਦੇ ਹਨ, ਉਹਨਾਂ ਦੀਆਂ ਆਰੰਭਲੀਆਂ ਸਤਰਾਂ ਵੀ ਆਰੰਭ ਵਿਚ ਅੰਕਿਤ ਕਰ ਦਿੱਤੀਆਂ ਗਈਆਂ ਹਨ ਤਾਂ ਕਿ ਸ਼ਬਦ ਵਿਸ਼ੇਸ਼ ਲੱਭਣ ਵਿਚ ਔਕੜਾਂ ਨਾ ਆਉਣ।

**ਸ਼ਬਦ ਜੋੜ ਅਤੇ ਮੰਗਲ :** ਗੁਰੂ-ਘਰ ਤੋਂ ਬਾਹਰਲੇ ਭਗਤ ਕਵੀਆਂ ਦੀ ਬਾਣੀ ਨਿਸਚੇ ਹੀ ਦੇਵਨਾਗਰੀ/ਫਾਰਸੀ ਅਤੇ ਸੰਬੰਧਤ ਇਲਾਕਾਈ ਲਿਪੀਆਂ ਵਿਚ ਹੋਵੇਗੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਗੁਰਮੁਖੀ ਵਿਚ ਲਿੱਪੀਅੰਤਰਿਤ ਕਰਕੇ ਚੜ੍ਹਾਈ ਗਈ। ਲਿੱਪੀਅੰਤਰ ਕਰਦੇ ਵਰਤ ਮੂਲ ਲਿੱਪੀ ਦਾ ਤਿਆਗ ਕੀਤਾ ਗਿਆ, ਕਿਉਂਕਿ ਗੁਰਮੁਖੀ ਦੇ ਆਪਣੇ ਨੇਮ ਸਨ। ਗੁਰਬਾਣੀ ਅਤੇ ਭਗਤ ਬਾਣੀ ਦਾ ਇਕ ਹੀ ਲਿੱਪੀ ਅਰਥਾਤ ਗੁਰਮੁਖੀ ਵਿਚ ਲਿਖੇ ਜਾਣਾ ਅਤੇ ਦੋਹਾਂ ਵਿਚਕਾਰ ਸ਼ਬਦ ਜੋੜਾਂ ਦੀ ਇਕਸਾਰਤਾ ਕਾਇਮ ਰੱਖਣਾ ਸੰਪਾਦਕੀ ਮਿਹਨਤ ਹੀ ਮੰਨਿਆ ਜਾ ਸਕਦਾ ਹੈ।

ਮੁਕੰਮਲ ਮੂਲ ਮੰਤਰ ਜਾਂ ਉਸ ਦੇ ਸੰਖਿਪਤ ਰੂਪ (ੴ ਸਤਿਗੁਰ ਪ੍ਰਸਾਦਿ, ੴ ਸਤਿਨਾਮੁ ਕਰਤਾ ਪੁਰਖ, ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ) ਨੂੰ ਮੰਗਲ ਦਾ ਨਾਂ ਦਿੱਤਾ ਗਿਆ ਹੈ ਅਤੇ ਇਹ ਰਾਗਾਂ ਦੇ ਆਰੰਭ ਜਾਂ ਲੰਮੇਰੀਆਂ ਬਾਣੀਆਂ ਦੇ ਆਰੰਭ ਵਿਚ ਆਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਬਾਣੀ ਵਿਚ ਵੀ ਮੰਗਲ ਅੰਕਿਤ ਹਨ, ਜਦ ਕਿ ਬਾਹਰਲੀ ਬਾਣੀ ਵਿਚ ਨਹੀਂ। ਸਪੱਸ਼ਟ ਹੈ ਕਿ ਅਜਿਹਾ ਸੰਪਾਦਕੀ ਇਕਸਾਰਤਾ ਬਰਕਰਾਰ ਰੱਖਣ ਖਾਤਰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਕੀਤਾ ਗਿਆ ਹੈ।

**ਉਪਕ੍ਰਮ ਉਪਸੰਹਾਰ :** ਮੱਧਕਾਲੀਨ ਭਾਰਤੀ ਗ੍ਰੰਥਾਂ ਦੇ ਲਿਖਣ ਅਥਵਾ ਤਰਤੀਬ ਦੇਣ ਵਾਸਤੇ ਇਕ ਨਿਯਮ ਪ੍ਰਚੱਲਿਤ ਸੀ, ਜਿਸ ਨੂੰ ਉਪਕ੍ਰਮ ਉਪਸੰਹਾਰ ਦਾ ਨਾਂ ਦਿੱਤਾ ਜਾਂਦਾ ਹੈ। ਇਸ ਦਾ ਭਾਵ ਇਹ ਹੁੰਦਾ ਸੀ ਕਿ ਗ੍ਰੰਥ ਦੀ ਭੂਮਿਕਾ ਅਤੇ ਉਸ ਦੇ ਅੰਤਿਮ ਹਿੱਸੇ ਵਿਚ ਸਿਧਾਂਤ ਦੀ ਏਕਤਾ। ਇਸ ਨਿਯਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਭਾਗ ਕੀਤੇ ਜਾ ਸਕਦੇ ਹਨ : 'ਨਿਤਨੇਮ ਦੀਆਂ ਬਾਣੀਆਂ ਅਥਵਾ ਭੂਮਿਕਾ (ਅੰਕ 1-13), ਰਾਗਬੱਧ ਬਾਣੀ (ਅੰਕ 14-1352) ਅਤੇ ਰਾਗ ਮੁਕਤ ਬਾਣੀ (ਅੰਕ 1353-1430)। ਨਿਤਨੇਮ ਦੀਆਂ ਬਾਣੀਆਂ ਵਿਚ 'ਜਪੁ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਹੈ, ਜਿਸ ਉੱਪਰ ਸਮੁੱਚੇ ਆਦਿ ਗੁਰੂ ਗ੍ਰੰਥ ਦਰਸ਼ਨ ਦੀ ਉਸਾਰੀ ਹੋਈ ਹੈ। 'ਜਪੁ' ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਗੁਰਮਤਿ ਦਰਸ਼ਨ ਦੇ ਪ੍ਰਮੁੱਖ ਸੰਕਲਪ ਇਸ ਬਾਣੀ ਵਿਚ ਬੀਜ ਰੂਪ ਵਿਚ ਆ ਗਏ ਹਨ ਅਤੇ ਗੁਰੂ ਗ੍ਰੰਥ ਜੀ ਦਾ ਦੂਜਾ ਅਤੇ ਤੀਜਾ ਭਾਗ ਇਹਨਾਂ ਸੰਕਲਪਾਂ ਦੀ ਹੀ ਵਿਆਖਿਆ ਹਨ।

**ਅੰਤਿਕਾਵਾਂ :** ਅਕਸਰ ਇਸ ਤਰ੍ਹਾਂ ਹੁੰਦਾ ਹੈ ਕਿ ਜਿਹੜੀ ਸਮੱਗਰੀ ਕਿਸੇ ਕਾਰਨ ਮੂਲ ਗ੍ਰੰਥ ਦੀ ਸੰਪਾਦਨ-ਯੋਜਨਾ ਦਾ ਹਿੱਸਾ ਨਹੀਂ ਬਣੀ ਹੁੰਦੀ, ਪਰ ਦੇਣੀ ਜ਼ਰੂਰ ਹੁੰਦੀ ਹੈ, ਉਸ ਨੂੰ ਅੰਤਿਕਾ ਦੇ ਰੂਪ ਵਿਚ ਦੇ ਦਿੱਤਾ ਜਾਂਦਾ ਹੈ। ਆਦਿ ਗ੍ਰੰਥ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੀ ਸੰਪਾਦਨ-ਯੋਜਨਾ ਵਿਚ ਵੀ ਇਹੋ ਵਿਧੀ ਵਰਤੀ ਗਈ ਹੈ। ਗੁਰੂਗ੍ਰੰਥ ਸਾਹਿਬ ਦੇ ਅੰਕ 1410 ਤੋਂ 1430 ਤੱਕ ਸੰਕਲਿਤ ਬਾਣੀ ਲਈ ਜੋ ਸਿਰਲੇਖ ਵਰਤਿਆ ਗਿਆ ਹੈ, ਉਹ ਹੈ 'ਸਲੋਕ ਵਾਰਾਂ ਤੇ ਵਧੀਕ'॥ ਇਸ ਸਿਰਲੇਖ ਦੇ ਅਰਥ ਇਹ ਲਏ ਜਾਂਦੇ ਹਨ ਕਿ ਕੁਝ ਸਲੋਕ ਤਾਂ ਵਾਰਾਂ ਵਿਚ ਪਉੜੀਆਂ ਨਾਲ ਮਿਲਾ ਕੇ ਪਾ ਦਿੱਤੇ ਗਏ ਹਨ ਅਤੇ ਜੋ ਬਚ ਰਹੇ, ਉਹ ਇਥੇ ਦਰਜ ਕਰ ਦਿੱਤੇ ਗਏ ਹਨ। ਇਸ ਅੰਤਿਕਾ ਵਿਚ ਹੀ ਸੰਪਾਦਕ ਸ੍ਰੀ ਗੁਰੂ ਅਰਜਨ ਸਾਹਿਬ ਨੇ ਮੁੰਦਾਵਣੀ ਵਾਲੇ ਸ਼ਬਦ ਦੇ ਦੂਜੇ ਸਲੋਕ 'ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀਂ ਆਪੇ ਤਰਸੁ ਪਇਓਈ॥' ਵਿਚ ਸੰਪਾਦਨ ਕਾਰਜ ਸੰਪੰਨ ਹੋਣ 'ਤੇ ਪਰਮਾਤਮਾ ਦਾ ਧੰਨਵਾਦ ਕੀਤਾ ਹੈ। ਸੰਪਾਦਨ ਸ਼ਾਸਤਰ ਦੀ ਸ਼ਬਦਾਵਲੀ ਵਿਚ ਇਸ ਨੂੰ ਪੁਸ਼ਪਿਕਾ ਕਿਹਾ ਜਾ ਸਕਦਾ ਹੈ ਜਿਸ ਦਾ ਉੱਚਿਤ ਥਾਂ ਗ੍ਰੰਥ ਸਾਹਿਬ ਦਾ ਅੰਤਲਾ ਭਾਗ ਹੈ। ਮੁੰਦਾਵਣੀ ਦਾ ਸ਼ਾਬਦਿਕ ਅਰਥ ਹੀ ਅੰਤਿਮ ਮੁਹਰ ਛਾਪ ਤੋਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਭ ਤੋਂ ਆਖਰ 'ਤੇ ਦਰਜ ਰਾਗਮਾਲਾ ਵੀ ਇਕ ਤਰ੍ਹਾਂ ਦੀ ਰਾਗਾਂ ਦੀ ਕਾਵਿ ਅੰਤਿਕਾ ਮੰਨੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ (ਅਤੇ ਕੁਝ ਹੋਰ) ਰਾਗ-ਰਾਗਣੀਆਂ ਦਾ ਵੇਰਵਾ ਦਰਜ ਹੈ। ਪੁਸ਼ਪਿਕਾ ਵਿਚ ਗ੍ਰੰਥ ਸੰਪੂਰਨ ਹੋਣ ਸੰਬੰਧੀ ਆਈ ਸੂਚਨਾ ਪਦ ਵਿਚ ਹੈ, ਜਦ ਕਿ ਬਾਕੀ ਦੀਆਂ ਗੱਦ ਜਾਂ ਵਾਰਤਕ ਵਿਚ ਮੰਨੀਆਂ ਜਾ ਸਕਦੀਆਂ ਹਨ।

ਫੁਟਕਲ: ਕੁਝ ਸੂਚਨਾਵਾਂ ਅਜਿਹੀਆਂ ਵੀ ਹਨ, ਜਿਹਨਾਂ ਦਾ ਸੰਬੰਧ ਰਚਨਾ ਦੀ ਪ੍ਰਧਾਨ ਸੁਰ ਅਥਵਾ ਵਸਤੂ ਨਾਲ ਹੈ। ਮਿਸਾਲ ਵਜੋਂ ਬਿਰਹੜੇ, ਕਰਹਲੇ, ਮੰਗਲ ਅਤੇ ਛੰਦ ਆਦਿ ਸ਼ਬਦ ਕਈਆਂ ਥਾਵਾਂ 'ਤੇ ਸਿਰਲੇਖਾਂ ਦਾ ਭਾਗ ਬਣ ਕੇ ਆਏ ਹਨ। ਬਿਰਹੜੇ ਅਤੇ ਕਹਰਹਲੇ ਵਿਚ ਜੀਵਾਤਮਾ, ਪਰਮਾਤਮਾ ਤੋਂ ਵਿਛੜ ਕੇ ਜਿਸ ਭਟਕਣ ਦਾ ਸ਼ਿਕਾਰ ਹੁੰਦੀ ਹੈ, ਉਸ ਦਾ ਵਰਣਨ ਹੈ, ਜਦ ਕਿ ਛੰਦ ਵਿਚ ਪ੍ਰਧਾਨ ਸੁਰ ਵਸਲ ਦੇ ਫਲਸਰੂਪ ਪਸਰੀ ਖੁਸ਼ੀ ਅਤੇ ਖੇੜੇ ਦੀ ਹੈ। ਇਸ ਤੋਂ ਬਿਨਾਂ ਸਿਰੀਰਾਗ ਕੇ ਛੰਤ ਮਹਲਾ 5 ਡਖਣਾ ਅਤੇ ਮਾਰੂਵਾਰ ਮਹਲਾ 5 ਡਖਣੇ ਆਦਿ ਸਿਰਲੇਖਾਂ ਵਿਚ ਆਏ ਕੁਝ ਸ਼ਬਦ ਬਾਣੀ ਦੀ ਵਿਸ਼ਿਸ਼ਟ ਉੱਪ-ਭਾਸ਼ਾ ਸ਼ੈਲੀ ਦਾ ਬੋਧ ਕਰਾਉਂਦੇ ਹਨ।

(ਸੀਸ ਗੰਜ, ਅਕਤੂਬਰ-2009 ਅੰਕ ਵਿਚੋਂ)






Sri Satguru Jagjit Singh Ji Elibrary NamdhariElibrary@gmail.com

# ਅੰਮ੍ਰਿਤ ਵੇਲਾ

## (ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ)

ਕਰਮ ਸਿਘ ਰਤਨ

ਗੁਰੂ ਗ੍ਰੰਥ ਸਾਹਿਬ ਵਿਚ ਜੋ ਪਹਿਲੀ ਬਾਣੀ ਦਰਜ ਹੈ ਉਹ ਹੈ ਜਪੁ। ਸਤਿਗੁਰੂ ਗੁਰੂ ਨਾਨਕ ਦੇਵ ਜੀ ਦੀ ਰਚੀ, ਇਸ ਬਾਣੀ ਨੂੰ ਅਸੀਂ ਸਤਿਕਾਰ ਨਾਲ ਜਪੁ ਜੀ ਸਾਹਿਬ ਕਹਿ ਕੇ ਬੁਲਾਉਂਦੇ ਹਾਂ। ਸੋ ਜਪੁ ਦੀ ਚਉਥੀ ਪਉੜੀ ਵਿਚ ਏਹ ਪੰਗਤੀ ਹੈ (ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ) ਆਉ ਜ਼ਰਾ ਇਸ ਪੰਗਤੀ ਬਾਰੇ ਵੀਚਾਰ ਕਰੀਏ।

ਆਮ ਤੌਰ 'ਤੇ ਦੇਖਿਆ ਹੈ ਕਿ ਕਈ ਗੁਰਸਿੱਖ ਪ੍ਰੇਮੀ ਅਤੇ ਗੁਰਸਿੱਖ ਬੀਬੀਆਂ ਜਿਸ ਵਕਤ ਵੀ ਵਿਹਲੇ ਹੋਣ ਜਾਂ ਜਿਸ ਵੇਲੇ ਵੀ ਸਮਾਂ ਲੱਗੇ, ਗੁਟਕਾ ਲੈ ਕੇ ਪਾਠ ਕਰਨ ਬੈਠ ਜਾਂਦੇ ਹਨ। ਅੰਮ੍ਰਿਤ ਵੇਲੇ ਦਾ ਸਮਾਂ ਲੰਘਾ ਕੇ, ਕੋਈ ਦਿਨ ਚੜ੍ਹੇ ਪਾਠ ਕਰਦਾ ਹੈ, ਕੋਈ ਸਵੇਰੇ ਨੌਂ ਵਜੇ ਪਾਠ ਕਰਦਾ ਹੈ, ਕੋਈ ਦੁਪਹਿਰੇ ਬਾਰਾਂ ਵਜੇ ਪਾਠ ਕਰਦਾ ਹੈ, ਅਤੇ ਕੋਈ ਸ਼ਾਮ ਨੂੰ ਚਾਰ ਵਜੇ ਪਾਠ ਕਰਦਾ ਹੈ, ਖਾਸ ਕਰਕੇ ਸਾਡੀਆਂ ਗੁਰਸਿੱਖ ਬੀਬੀਆਂ ਤਾਂ ਆਮ ਤੌਰ 'ਤੇ ਗੁਰਦੁਆਰਿਆਂ ਵਿਚ ਦੁਪਹਿਰੇ ਦੋ ਤੋਂ ਚਾਰ ਵਜੇ ਦੇ ਕਰੀਬ ਸਮੂਹਕ ਤੌਰ 'ਤੇ ਸੁਖਮਨੀ ਸਾਹਿਬ ਦਾ ਪਾਠ ਕਰਦੀਆਂ ਹਨ।

ਸੋ ਇਸ ਲਈ ਬੇਨਤੀ ਹੈ ਕਿ ਵੈਸੇ ਤਾਂ ਸਤਿਗੁਰ ਜੀ ਦਾ ਹੁਕਮ ਹੈ ਕਿ (ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰ ਸਿੱਖ ਗੁਰੂ ਮਨਿ ਭਾਵੈ) ਮ: ੪ ਪੰਨਾ 305) ਅਰਥਾਤ ਜੋ ਗੁਰ ਸਿੱਖ (ਸਾਸਿ ਗਿਰਾਸਿ) ਸਾਹ ਲੈਂਦਿਆਂ ਅਤੇ ਗਿਰਾਹੀ ਖਾਂਦਿਆਂ ਹਰ ਵਕਤ ਸਿਮਰਨ ਕਰਦਾ ਹੈ, ਉਹ ਗੁਰਸਿੱਖ ਗੁਰੂ ਨੂੰ ਭਾਉਂਦਾ ਹੈ ਚੰਗਾ ਲਗਦਾ ਹੈ, ਪਰ ਏਹ ਧਿਆਉਣਾ ਹੋਰ ਗੱਲ ਹੈ, ਪਰ ਪਾਠ ਦਾ ਨਿੱਤ ਨੇਮ ਕਰਨਾ ਹੋਰ ਗੱਲ ਹੈ।

ਨਿੱਤਨੇਮ ਜੋ ਅਸੀਂ ਕਰਦੇ ਹਾਂ ਉਸ ਦੇ ਲਈ ਸਤਿਗੁਰ ਜੀ ਨੇ ਸਮਾਂ ਨੀਯਤ ਕੀਤਾ ਹੈ। ਕੁਛ ਕੰਮ, ਕੁਛ ਚੀਜ਼ਾਂ ਐਸੀਆਂ ਹਨ, ਜੋ ਕਿ ਸਮੇਂ ਅਨੁਸਾਰ ਹੀ ਕੀਤੇ ਜਾ ਸਕਦੇ ਹਨ ਅਤੇ ਸਮੇਂ ਅਨੁਸਾਰ ਕੰਮ ਕਰਨ ਦਾ ਬਹੁਤ ਲਾਭ ਅਤੇ ਫਾਇਦਾ ਹੁੰਦਾ ਹੈ। ਜਿਸ ਤਰ੍ਹਾਂ ਸ੍ਰਿਸ਼ਟੀ ਦੀ ਸਾਰੀ ਕਾਇਨਾਤ ਨਿਯਮਬੱਧ ਹੈ, ਧਰਤੀ ਤੇ ਸਾਰੀ ਬਨਸਪਤੀ ਨਿਯਮਬੱਧ ਹੈ, ਆਪਣੇ ਸਮੇਂ ਅਤੇ ਰੁੱਤ ਅਨੁਸਾਰ ਹੀ ਪੈਦਾ ਹੁੰਦੀ ਹੈ ਅਤੇ ਆਪਣੀ ਰੁੱਤ ਵਿਚ ਹੀ ਜਾ ਕੇ ਫਲ ਪੈਂਦੇ ਹਨ। ਜਿਤਨਾ ਵੀ ਅਨਾਜ ਪੈਦਾ ਹੁੰਦਾ ਹੈ, ਉਹ ਰੁਤ ਅਨੁਸਾਰ ਹੀ ਬੀਜਿਆ ਜਾਂਦਾ ਹੈ ਤੇ ਪੈਦਾ ਹੁੰਦਾ ਹੈ ਤੇ ਫਲ ਦੇਂਦਾ ਹੈ। ਆਕਾਸ਼ ਵਿਚ ਜਿਤਨੇ ਵੀ ਬ੍ਰਹਿਮੰਡ ਜਿਤਨੇ ਵੀ ਗ੍ਰਹਿ ਨਛਤਰ ਤੇ ਧਰਤੀਆਂ ਹਨ, ਸਭ ਆਪਣੇ ਸਮੇਂ ਦੀ ਗਤੀ ਵਿਚ ਹੀ ਚਲ ਰਹੇ ਹਨ। ਜਿਸ ਤਰ੍ਹਾਂ ਸਤਿਗੁਰ ਨਾਨਕ ਦੇਵ ਜੀ ਆਸਾ ਦੀ ਵਾਰ ਦੇ ਚੌਥੇ ਸਲੋਕ ਵਿਚ ਫੁਰਮਾਨ ਕਰਦੇ ਹਨ। (ਭੈ ਵਿਚਿ ਪਵਣੁ ਵਹੈ ਸਦ ਵਾਉ। ਭੈ ਵਿਚਿ ਚਲਹਿ ਲਖ ਦਰੀਆਉ। ਭੈ ਵਿਚਿ ਅਗਨਿ ਕਢੈ ਵੇਗਾਰਿ) ਭੈ ਵਿਚਿ ਧਰਤੀ ਦਬੀ ਭਾਰਿ। ਭੈ ਵਿਚਿ ਇੰਦੁ ਫਿਰੈ ਸਿਰ ਭਾਰਿ। ਭੈ ਵਿਚਿ ਰਾਜਾ ਧਰਮ ਦੁਆਰੁ) ਭੈ ਵਿਚਿ ਸੂਰਜੁ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ) ਪੰਨਾ (464) ਅਰਥਾਤ ਉਸ ਪਰਮਤਾਮਾ ਦੇ ਹੁਕਮ ਵਿਚ ਜਿਤਨੇ ਵੀ ਸ੍ਰਿਸ਼ਟੀ ਦੇ ਦੇਵਤੇ ਹਨ, ਉਹ ਰਬ ਦੇ ਭੈ ਵਿਚਿ ਆਪਣੀ ਗਤੀ ਅਤੇ ਸਮੇਂ ਅਨੁਸਾਰ ਇਕੋ ਜਿਹੇ ਚਲ ਰਹੇ ਹਨ ਨਿਯਮ ਵਿਚ ਚਲ ਰਹੇ ਹਨ। ਪਵਨ ਦੇਵਤਾ, ਸਮੇਂ ਅਨੁਸਾਰ ਚਲਦਾ ਹੈ, ਧਰਤੀ ਤੇ ਲੱਖਾਂ ਦਰਿਆ ਆਪਣੇ ਨਿਯਮ ਵਿਚ ਚਲਦੇ ਹਨ, ਜਦੋਂ ਨਿਯਮ ਤਿਆਗ ਦੇਂਦੇ ਹਨ ਧਰਤੀ ਤੇ ਪਰਲੋ ਆ ਜਾਂਦੀ ਹੈ। ਇੰਦਰ ਦੇਵਤਾ ਰਬ ਦੇ ਭੈ ਵਿਚ ਧਰਤੀ ਤੇ ਸਿਰ ਪਰਨੇ ਹਰ ਵਕਤ ਚਲਦਾ ਰਹਿੰਦਾ ਹੈ। ਰਬ ਦੇ ਭੈ ਵਿਚ ਹੀ ਧਰਮ ਰਾਜਾ ਸਮੇਂ ਅਨੁਸਾਰ ਹੀ ਪ੍ਰਾਣੀਆਂ ਨਾਲ ਨਿਆਂ ਕਰਦਾ ਹੈ, ਸੂਰਜ ਅਤੇ ਚੰਦਰਮਾ, ਲੱਖਾਂ ਕਰੋੜਾਂ ਕੋਹ ਮੀਲ ਹਰ ਸਮੇਂ ਆਪਣੀ ਗਤੀ ਤੇ ਸਮੇਂ ਅਨੁਸਾਰ ਚਲ ਰਹੇ ਹਨ। ਜਦੋਂ ਵੀ ਕੋਈ ਗ੍ਰਹਿ ਆਪਣੇ ਸਮੇਂ ਅਤੇ ਗਤੀ ਤੋਂ ਥਿੜਕ ਜਾਂਦਾ ਹੈ, ਉਦੋਂ ਹੀ ਉਸ ਗ੍ਰਹਿ ਤੇ ਪਰਲੋ ਆ ਜਾਂਦੀ ਹੈ, ਭੂਚਾਲ ਆ ਜਾਂਦੇ ਹਨ। ਡਸਿਪਲਨ ਵਿਚ ਰਹਿਣਾ, ਨਿਯਮ ਵਿਚ ਰਹਿਣਾ ਹੀ ਸਹੀ ਜ਼ਿੰਦਗੀ ਹੈ। ਜਿਸ ਤਰ੍ਹਾਂ ਮੁਸਲਿਮ ਧਰਮ ਵਿਚ ਮੁਹੰਮਦ ਸਾਹਿਬ ਜੀ ਨੇ ਪੰਜ ਵਕਤ ਨਮਾਜ਼ ਪੜ੍ਹਨ ਦੇ ਨੀਯਤ ਕੀਤੇ ਹਨ, ਇਸੇ ਤਰ੍ਹਾਂ ਗੁਰੂ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਦੋ ਵਕਤ ਦਾ ਨਿਤਨੇਮ ਦਾ ਹੁਕਮ ਕੀਤਾ ਹੈ। ਅਤੇ ਦੋ ਵਕਤ ਹਨ (ਅੰਮ੍ਰਿਤ ਵੇਲਾ) ਜਿਸ ਦਾ ਸਮਾਂ ਹੈ ਰਾਤ ਦਾ ਪਿਛਲਾ ਪਹਿਰ, ਅਰਥਾਤ ਰਾਤ ਦੇ 3 ਵਜੇ ਤੋਂ ਲੈ ਕੇ ਸੂਰਜ ਨਿਕਲਨ ਤਕ। ਸ਼ਾਮ ਨੂੰ ਜਿਸ ਵਕਤ ਸੂਰਜ ਅੱਧਾ ਬਾਹਰ ਹੋਵੇ ਤੇ ਅੱਧਾ ਛੁਪ ਜਾਏ, ਉਸ ਵਕਤ ਰਹਿਰਾਸ ਸਾਹਿਬ ਦਾ ਪਾਠ ਅਤੇ ਰਾਤ ਸੌਣ ਵੇਲੇ ਸੋਹਿਲਾ ਜੀ ਦਾ ਪਾਠ। ਇਹ ਵਕਤ ਨਿਤਨੇਮ ਦੇ ਸਿੱਖ ਧਰਮ ਵਿਚ, ਗੁਰੂ ਦਾ ਹੁਕਮ ਹਨ, ਅਤੇ ਗੁਰੂ ਦੇ ਹੁਕਮ ਤੇ ਸਿੱਖ ਦਾ ਚੱਲਣਾ ਪਹਿਲਾ ਫਰਜ਼ ਹੈ, ਅਤੇ ਅੰਮ੍ਰਿਤ ਵੇਲੇ ਜੋ ਪੰਜ ਬਾਣੀਆਂ ਹਨ ਉਹ ਹਨ:

(1) ਜਪੁ, (2) ਜਾਪੁ, (3) ਸਵੱਯੇ, (4) ਚੌਪਈ, (5)



Sri Satguru Jagjit Singh Ji Elibrary NamdhariElibrary@gmail.com

ਅਤੇ ਇਸ ਤੋਂ ਇਲਾਵਾ ਵਾਹਿਗੁਰੂ ਦਾ ਸਿਮਰਨ ਜੋ ਕੇ ਇਕਾਂਤ ਵਿਚ ਬੈਠ ਕੇ ਇਕੱਲੇ ਹੀ ਵਿਕਅਤੀਗਤ ਤੌਰ ਤੇ ਕਰਨਾ ਚਾਹੀਦਾ ਹੈ। ਸੋ ਗੁਰੂ ਸਾਹਿਬ ਦੀ ਦੱਸੀ ਮਰਯਾਦਾ ਤੇ ਚਲਣਾ ਹੀ ਸਹੀ ਜੀਵਨ ਹੈ। ਗੁਰੂ ਰਾਮਦਾਸ ਸਾਹਿਬ ਰਾਗ ਗਉੜੀ ਦੀ ਵਾਰ ਵਿਚ ਸਿੱਖ ਦੇ ਨਿੱਤ ਕਰਮ ਦੀ ਮਰਿਯਾਦਾ ਦਾ ਹੁਕਮ ਕਰਦੇ ਹਨ (ਮਹਲਾ 4 ਪੰਨਾ 305)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠ ਹਰਿ ਨਾਮੁ ਧਿਆਵੈ, ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ। ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆਂ ਉਠਦਿਆਂ ਹਰਿ ਨਾਮੁ ਧਿਆਵੈ। ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰ ਸਿਖੁ ਗੁਰੂ ਮਨਿ ਭਾਵੈ। ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿੱਖ ਗੁਰੂ ਉਪਦੇਸੁ ਸੁਣਾਵੈ। ਜਨ ਨਾਨਕ ਧੂੜਿ ਮੰਗੈ ਤਿਸੁ ਗੁਰ ਸਿੱਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।2।

ਸੋ ਇਹ ਤਾਂ ਗੁਰੂ ਰਾਮਦਾਸ ਜੀ ਦਾ ਸਿੱਖਾਂ ਪ੍ਰਤੀ ਰੋਜ਼ ਦੇ ਨਿੱਤ ਕਰਮ (ਨਿਤਨੇਮ) ਕਰਨ ਦਾ ਹੁਕਮ ਹੈ। ਪਰ ਭਾਈ ਗੁਰਦਾਸ ਜੀ ਇਸੇ ਹੀ ਨਿੱਤ ਕਰਮ ਨੂੰ ਪੂਰੀ ਗੱਲ ਖੋਲ੍ਹ ਕੇ ਲਿਖਦੇ ਹਨ। ਵਾਰ 40 ਗਉੜੀ 11 ਗੁਰਸਿੱਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨਾਵੰਦਾ। ਗੁਰ ਕੈ ਬਚਨ ਉਚੈਰ ਕੈ ਧ੍ਰਮਸਾਲ ਦੀ ਤਰਤ ਕਰੇਂਦਾ।। ਸਾਧ ਸੰਗਤ ਵਿਚ ਜਾਇਕੇ ਗੁਰਬਾਣੀ ਦੇ ਪ੍ਰੀਤਿ ਸੁਣਦਾ। ਸੰਕਾ ਮਨਹੁ ਮਿਟਾਇ ਕੈ, ਗੁਰ ਸਿੱਖਾਂ ਦੀ ਸੇਵ ਕਰੇਂਦਾ। ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ। ਗੁਰ ਸਿੱਖਾਂ ਨੋ ਦੇਇ ਕਰਿ ਪਿੱਛੋਂ ਬਚਿਆ ਆਪ ਖਵੇਂਦਾ। ਕਲੀ ਕਾਲ ਪਰਗਾਸ ਕਹਿ, ਗੁਰ ਚੇਲਾ ਚੇਲਾ ਗੁਰੁ ਸੈਂਦਾ। ਗੁਰਮੁਖ ਗਾਡੌ ਰਾਹੁ ਚਲੰਦਾ। ੧੧।। ਇਹ ਪੂਰੇ ਗੁਰਸਿੱਖ ਦੀ ਨਿਸ਼ਾਨੀ ਹੈ ਕਿ ਗੁਰੂ ਨੇ ਜੋ ਲੀਹਾਂ ਪਾ ਦਿੱਤੀਆਂ ਹਨ, ਉਹਨਾਂ ਉੱਤੇ ਚੱਲਣ ਦੀ ਕੋਸ਼ਿਸ਼ ਕਰੇ ਮਤਬਲ ਕਿ ਗੁਰੂ ਦਾ ਹੁਕਮ ਮੰਨ ਕੇ ਡਿਸਪਲਿਨ ਵਿਚ ਰਹੇ ਅਤੇ ਨਿਯਮ ਬੱਧ ਜੀਵਨ ਜੀਵੇ। ਅਤੇ ਨਿਯਮ ਬੱਧ ਜੀਵਨ ਜੀਉਣ ਲਈ, ਸਤਿਗੁਰ ਜੀ ਨੇ ਹਰ ਇਕ ਕੰਮ ਦੀ ਮਰਯਾਦਾ ਕਾਇਮ ਕੀਤੀ ਹੈ। ਜਿਵੇਂ ਅਸੀਂ ਪਿੱਛੇ ਲਿਖ ਆਏ ਹਾਂ ਕਿ ਇਸ ਬ੍ਰਹਿਮੰਡ ਵਿਚ ਸਾਰੀ ਕਾਇਨਾਤ ਨਿਯਮ ਵਿਚ ਹੈ। ਬ੍ਰਹਿਮੰਡ ਵਿਚ ਸਾਰੇ ਗ੍ਰਹਿ ਨਛਤਰ ਆਪਣੀ ਗਤੀ ਅਤੇ ਸਮੇਂ ਅਨੁਸਾਰ ਚੱਲ ਰਹੇ ਹਨ। ਏਸ ਗਤੀ ਤੇ ਤਾਲ ਦਾ ਜਨਮ ਹੋਇਆ ਹੈ। ਹਰ ਇਕ ਚੀਜ਼ ਇਕ ਲੈਅ ਵਿਚ ਚਲ ਰਹੀ ਹੈ। ਸੂਰਜ, ਚੰਦਰਮਾ, ਧਰਤੀ, ਗ੍ਰਹਿ, ਨਛਤਰ, ਸਭ ਆਪਣੀ ਲੈਅ ਅਨੁਸਾਰ ਹੀ ਚੱਲ ਰਹੇ ਹਨ, ਸੋ ਲੈਅ ਨੂੰ ਮੁੱਖ ਰੱਖ ਕੇ ਸਤਿਗੁਰ ਜੀ ਨੇ ਤਾਲ (ਘਰ) ਲਿਖੇ ਹਨ, ਰਾਗ ਦੇ ਨਾਲ ਤਾਲ ਵੀ ਜ਼ਰੂਰੀ ਹੈ, ਕੋਈ ਗਾਉਣ ਵਾਲਾ ਬੰਦਾ ਸੁਰ ਤੋਂ ਬੇਸੁਰਾ ਹੋ ਜਾਏ ਤਾਂ ਕਈ ਵਾਰ ਲੋਕਾਂ ਨੂੰ ਪਤਾ ਨਹੀਂ ਲਗਦਾ ਪਰ ਤਾਲ ਤੋਂ ਲੈਅ ਵਿਚੋਂ ਨਿਕਲ ਜਾਏ ਤਾਂ ਸਭ ਨੂੰ ਪਤਾ ਲੱਗ ਜਾਂਦਾ ਹੈ। ਪਾਗਲ ਮਨੁੱਖ ਨੂੰ ਲੋਕ ਬੇਤਾਲਾ ਕਹਿ ਦੇਂਦੇ ਹਨ ਕਿ ਇਹ ਜ਼ਿੰਦਗੀ ਦੇ ਤਾਲ ਤੋਂ ਖਿਸਕ ਗਿਆ ਹੈ। ਸੋ ਲੈਅ ਵਿਚ ਰਹਿਣਾ ਤਾਲ ਵਿਚ ਰਹਿਣਾ ਹੀ ਜ਼ਿੰਦਗੀ ਹੈ।

ਜਿਸ ਤਰ੍ਹਾਂ ਤਾਲ ਵਿਚ ਰਹਿਣਾ ਲੈਅ ਵਿਚ ਰਹਿਣਾ ਜ਼ਰੂਰੀ ਹੈ, ਇਸੇ ਤਰ੍ਹਾਂ ਸਮੇਂ ਦਾ ਰਾਗ ਗਾਉਣਾ ਵੀ ਜ਼ਰੂਰੀ ਹੈ। ਜਿਤਨੇ ਵੀ ਰਾਗ ਹਨ, ਭਾਵੇਂ ਉਹ ਗੁਰੂ ਗ੍ਰੰਥ ਸਾਹਿਬ ਦੇ ਰਾਗ ਹਨ, ਤੇ ਭਾਵੇਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੇ ਰਾਗ ਹਨ, ਹਰ ਇਕ ਰਾਗ ਦੇ ਗਾਉਣ ਦਾ ਸਮਾਂ ਨੀਯਤ ਹੈ। ਇਸੇ ਲਈ ਗੁਰੂ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਮਰਯਾਦਾ ਕਾਇਮ ਕੀਤੀ ਹੈ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਮ੍ਰਿਤ ਵੇਲੇ ਰਾਤ 3 ਵਜੇ ਤੋਂ ਆਸਾ ਦੀ ਵਾਰ ਕੀਰਤਨ ਸ਼ੁਰੂ ਹੋ ਜਾਂਦਾ ਹੈ ਅਤੇ ਸੂਰਜ ਚੜ੍ਹਨ ਸਮੇਂ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪੈ ਜਾਂਦਾ ਹੈ। ਪਰ ਅਸੀਂ ਵੇਖਦੇ ਹਾਂ ਕਿ ਆਮ ਤੌਰ 'ਤੇ ਕਈ ਗੁਰਦੁਆਰਿਆਂ ਵਿਚ ਸੂਰਜ ਚੜ੍ਹਨ ਤੋਂ ਵੀ ਕਿਤਨਾ ਚਿਰ ਬਾਅਦ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੁੰਦਾ ਹੈ, ਸੋ ਕੀਰਤਨ ਤਾਂ ਹੁੰਦਾ ਹੈ ਦਿਨ ਚੜ੍ਹੇ ਸ਼ੁਰੂ ਤੇ ਅਸੀਂ ਪੜ੍ਹਦੇ ਪਏ ਹੁੰਦੇ ਹਾਂ (ਹਰਿ ਅੰਮ੍ਰਿਤ ਭਿੰਨੇ ਲੋਇਣਾ) ਏ ਕਈ ਰਾਗੀ ਸਿੰਘ ਪਹਿਲਾਂ ਸ਼ਬਦ ਪੜ੍ਹਦੇ ਹਨ ਭਿੰਨੀ ਰੈਨੜੀਏ ਚਾਮਕਨਿ ਤਾਰੇ) ਭਿੰਨੀ ਰੈਨੜੀਏ ਅੰਮ੍ਰਿਤ ਵੇਲਾ ਤਾਂ ਅਸੀਂ ਗੁਆ ਦਿੱਤਾ, ਤੇ ਦਿਨ ਚੜ੍ਹੇ ਭਿੰਨੀ ਰੈਨੜੀਏ ਪੜ੍ਹਨ ਦਾ ਅਰਥ ਕੀ ਰਹਿ ਗਿਆ। ਫਿਰ ਜੋ ਸਵੇਰ ਦੇ ਅੰਮ੍ਰਿਤ ਵੇਲੇ ਦਾ ਰਾਗ ਹਨ, ਜਿਹਨਾਂ ਵਿਚ ਆਮ ਤੌਰ 'ਤੇ ਰਾਗੀ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ, ਰਾਗ ਆਸਾ, ਰਾਗ ਭੈਰਉ, ਰਾਗ ਅਹੀਰ ਭੈਰਉ, ਨਟ ਭੈਰਉ, ਬੈਰਾਗੀ ਭੈਰਉ, ਭਟਿਹਾਰ, ਭੈਰਵੀ, ਗੁਣ ਕਲੀ, ਏਹ ਸਾਰੇ ਹੀ ਰਾਗ ਅੰਮ੍ਰਿਤ ਵੇਲੇ ਦੇ ਹਨ, ਪਰ ਅਸੀਂ ਇਹਨਾਂ ਨੂੰ ਦਿਨ ਚੜ੍ਹੇ ਗਾਇਨ ਕਰਦੇ ਹਾਂ। ਇਸ ਨੂੰ ਕਹਿੰਦੇ ਹਨ ਕਿ (ਵੇਲੇ ਦੀ ਨਿਮਾਜ਼ ਤੇ ਕੁਵੇਲੇ ਦੀਆਂ ਟੱਕਰਾਂ) ਏਹ ਮਿਸਾਲ ਏਥੋਂ ਬਣੀ ਕਿ ਜੋ ਮੁਸਲਮ ਧਰਮ ਵਿਚ ਪੰਜ ਨਿਮਾਜ਼ਾਂ ਦੇ ਵਕਤ ਕਾਇਮ ਹਨ, ਉਸ ਵਕਤ ਨੂੰ ਛੱਡ ਕੇ ਜੋ ਨਮਾਜ਼ ਪੜ੍ਹਦਾ ਹੈ, ਉਸ ਨੂੰ ਮੁਸਲਮ ਧਰਮ ਵਿਚ ਕਹਿੰਦੇ ਹਨ ਕਿ ਇਹ ਵਕਤ ਗੁਆ ਕੇ ਨਮਾਜ਼ ਪੜ੍ਹ ਰਿਹਾ ਟੱਕਰਾਂ ਮਾਰ ਰਿਹਾ ਹੈ। ਸੋ ਜਿਹੜਾ ਵਕਤ ਸਤਿਗੁਰਾਂ ਨੇ



Sri Satguru Jagjit Singh Ji Elibrary NamdhariElibrary@gmail.com

ਕੀਰਤਨ ਦਾ ਨੀਯਤ ਕੀਤਾ ਹੈ, ਉਸ ਸਮੇਂ ਅਸੀਂ ਪੰਜ ਬਾਣੀਆਂ ਦਾ ਨਿਤਨੇਮ ਜਾਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੁੰਦੇ ਹਾਂ ਅਤੇ ਕਈ ਗੁਰਦੁਆਰਿਆਂ ਵਿਚ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲਾਂ ਕਥਾ ਹੁੰਦੀ ਹੈ ਜਦ ਕਿ ਮਰਯਾਦਾ ਅਨੁਸਾਰ ਕਥਾ, ਕੀਰਤਨ ਤੋਂ ਬਾਅਦ ਹੋਣੀ ਚਾਹੀਦੀ ਹੈ। ਅਸਲ ਵਿਚ ਕਈ ਸੰਗਤਾਂ ਜਾਂ ਪ੍ਰਬੰਧਕ ਆਪਣੀ ਮਰਜ਼ੀ ਅਨੁਸਾਰ ਜਾਂ ਆਪਣੀ ਸਹੂਲਤ ਅਨੁਸਾਰ ਨਿਯਮ ਬਣਾ ਲੈਂਦੇ ਹਨ ਤੇ ਉਸ ਨੂੰ ਨਾਮ ਦੇ ਦੇਂਦੇ ਹਨ (ਗੁਰ ਮਰਯਾਦਾ) ਪਰ ਗੁਰ ਮਰਯਾਦਾ ਉਹ ਹੈ, ਜੋ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਹੈ। ਅੰਮ੍ਰਿਤ ਵੇਲੇ ਪੰਜ ਬਾਣੀਆਂ ਦਾ ਪਾਠ ਇਕੱਲੇ ਤੌਰ 'ਤੇ ਵਿਅਕਤੀਗਤ ਹੋਣਾ ਚਾਹੀਦਾ ਹੈ, ਪਰ ਅਸੀਂ ਆਪ ਤਾਂ ਸਵੇਰੇ ਅੰਮ੍ਰਿਤ ਵੇਲੇ ਉੱਠ ਨਹੀਂ ਸਕਦੇ ਤੇ ਗੁਰਦੁਆਰਿਆਂ ਦਾ ਨਿਤਨੇਮ ਲੇਟ ਕਰ ਲੈਂਦੇ ਹਾਂ ਗੁਰੂ ਘਰ ਤੇ, ਗੁਰੂ ਦੀ ਮਰਜ਼ੀ ਨਹੀਂ ਚੱਲਣ ਦੇਂਦੇ ਅਤੇ ਗੁਰੂ ਘਰ ਤੇ ਆਪਣੀ ਮਰਜ਼ੀ ਥੋਪ ਦਿੰਦੇ ਹਾਂ। ਏਹ ਗੁਰੂ ਦੇ ਹੁਕਮ ਦੀ ਉਲੰਘਣਾ ਹੈ। ਜਿਸ ਤਰ੍ਹਾਂ ਰੇਲ, ਮੋਟਰਾਂ, ਜਹਾਜ਼ ਆਪਣੇ ਸਮੇਂ ਸਿਰ ਚਲਦੇ ਹਨ ਤੇ ਸਵਾਰੀਆਂ ਨੂੰ ਉਹਨਾਂ ਦੇ ਸਮੇਂ ਅਨੁਸਾਰ ਹੀ, ਰੇਲਵੇ ਸਟੇਸ਼ਨ ਜਾਂ ਬੱਸ ਸਟਾਪ ਜਾਂ ਏਅਰਪੋਰਟ 'ਤੇ ਪਹੁੰਚਣਾ ਪੈਂਦਾ ਹੈ। ਜੇਕਰ ਰੇਲ, ਮੋਟਰ, ਜਹਾਜ਼ ਏਹ ਸੋਚਣ ਕਿ ਮੁਸਾਫਿਰ ਆਉਣਗੇ ਤਾਂ ਹੀ ਅਸੀਂ ਚਲਾਵਾਂਗੇ, ਫਿਰ ਤਾਂ ਇਹ ਹੋਵੇਗਾ ਜਿਵੇਂ ਗੁਰਦੁਆਰਿਆਂ ਦੀ ਮਰਯਾਦਾ ਅਸੀਂ ਵਿਗਾੜ ਛੱਡੀ ਹੈ ਇਵੇਂ ਹੀ ਰੇਲ ਮੋਟਰਾਂ ਦਾ ਹਸ਼ਰ ਹੋਵੇਗਾ। ਸੋ ਗੁਰੂ ਕੇ ਸਿੱਖ ਗੁਰੂ ਦੇ ਹੁਕਮ ਅਨੁਸਾਰ ਚੱਲਣਾ ਹੀ ਅਸਲੀ ਸਿੱਖੀ ਹੈ ਇਥੇ ਇਕ ਉਦਾਹਰਣ ਮੈਂ ਦੇਣਾ ਚਾਹਵਾਂਗਾ ਜੋ ਲੋਕ ਕਹਿੰਦੇ ਹਨ ਕਿ ਅਸੀਂ ਅੰਮ੍ਰਿਤ ਵੇਲੇ ਉੱਠ ਨਹੀਂ ਸਕਦੇ ਉਹਨਾਂ ਦੇ ਸੰਬੰਧ ਵਿਚ (ਬੈਂਕਾਕ, ਥਾਈਲੈਂਡ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਜੋ ਨਿਯਮ-ਉਪਨਿਯਮ ਛਪੇ ਹੋਏ ਹਨ, ਉਸ ਵਿਚ ਇਕ ਮੱਦ ਇਹ ਵੀ ਛਪੀ ਹੋਈ ਹੈ ਕਿ ਪ੍ਰਧਾਨ ਸਾਹਿਬ, ਜਨਰਲ ਸਕੱਤਰ ਤੇ ਸਕੱਤਰ ਅਤੇ ਖਜ਼ਾਨਚੀ (ਕੈਸ਼ੀਅਰ) ਇਹ ਚਾਰੇ ਪ੍ਰਬੰਧਕ ਸਵੇਰੇ ਛੇ ਵਜੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋਣ ਤੋਂ ਪਹਿਲੇ ਪੌਣੇ ਛੇ ਵਜੇ, ਇਹ ਸੱਜਣ ਗੁਰਦੁਆਰੇ ਹਾਜ਼ਰ ਹੋਣੇ ਚਾਹੀਦੇ ਹਨ, ਜੋ ਇਹ ਸ਼ਰਤ ਪੂਰੀ ਕਰ ਸਕਦੇ ਹੋਣ, ਉਹਨਾਂ ਨੂੰ ਇਹ ਉਪਰੋਕਤ ਪ੍ਰਬੰਧਕ ਬਣਾਇਆ ਜਾਂਦਾ ਹੈ। ਇਹਨਾਂ ਵਿਚੋਂ ਸ: ਸਰਦੂਲ ਸਿੰਘ ਜੋ ਕਿ ਖਜ਼ਾਨਚੀ ਕੈਸ਼ੀਅਰ ਦੀ ਸੇਵਾ ਕਈ ਸਾਲਾਂ ਤੋਂ ਕਰਦੇ ਆ ਰਹੇ ਹਨ, ਇਹਨਾਂ ਦੇ ਹੁੰਦਿਆਂ ਕਈ ਕਮੇਟੀਆਂ, ਪ੍ਰਧਾਨ ਤੇ ਸਕੱਤਰ ਬਦਲ ਗਏ ਹਨ, ਪਰ ਖਜ਼ਾਨਚੀ ਦੀ ਸੇਵਾ ਇਹੀ ਕਰਦੇ ਆ ਰਹੇ ਹਨ। ਇਹਨਾਂ ਦਾ ਰੋਜ਼ ਦਾ ਨਿਤਨੇਮ ਇਹ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਤੇ ਇਸ਼ਨਾਨ ਕਰਕੇ, ਗੁਰੂ ਘਰ ਦਾ ਪ੍ਰਕਾਸ਼ ਕਰਕੇ, ਫਿਰ ਪੰਜ ਬਾਣੀਆਂ ਦਾ ਪਾਠ ਕਰਨਾ ਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਤੇ ਫਿਰ ਚਾਹ ਪਾਣੀ ਨਾਸ਼ਤਾ ਕਰਕੇ ਘਰ ਤੋਂ ਚਲਣਾ ਤੇ ਉਹਨਾਂ ਦੇ ਘਰ ਤੋਂ ਕਾਰ ਤੇ ਚਲਕੇ ਪੂਰੇ ਇਕ ਘੰਟੇ ਦਾ ਰਸਤਾ ਹੈ, ਗੁਰਦੁਆਰਾ ਸਾਹਿਬ ਤਕ, ਹਾਲਾਂ ਕਿ ਸਵੇਰੇ ਬਾਜ਼ਾਰ ਖਾਲੀ ਹੁੰਦੇ ਹਨ ਤੇ ਫਿਰ ਵੀ ਸਵੇਰੇ ਠੀਕ 5.45 ਤੇ ਪੌਣੇ ਛੇ ਵਜੇ ਉਹ ਗੁਰਦੁਆਰਾ ਸਾਹਿਬ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਹੁਣ ਪਾਠਕ ਆਪ ਹੀ ਅੰਦਾਜ਼ਾ ਲਾ ਸਕਦੇ ਹਨ ਕਿ ਸਵੇਰੇ ਕਿਤਨੇ ਵਜੇ ਉੱਠਦੇ ਹੋਣਗੇ। ਫਿਰ ਉਹਨਾਂ ਨੇ ਗੁਰਦੁਆਰਾ ਸਾਹਿਬ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਰਾ ਹਿਸਾਬ ਕਿਤਾਬ ਰਜਿਸਟਰ ਤੇ ਚੜ੍ਹਾ ਕੇ, ਤਾਂ ਵਾਪਸ ਆਪਣੇ ਘਰ ਜਾਂਦੇ ਹਨ। ਏਹ ਨੇਮ ਉਹ ਕਈ ਸਾਲਾਂ ਤੋਂ ਨਿਭਾਂਦੇ ਚਲੇ ਆ ਰਹੇ ਹਨ। ਸੋ ਇਸ ਦਾ ਸਦਕਾ ਗੁਰੂ ਦੀ ਉਹਨਾਂ ਉੱਤੇ ਇਤਨੀ ਬਖਸ਼ਿਸ਼ ਹੈ ਕਿ ਉਹ ਥਾਈਲੈਂਡ ਪੂਰੇ ਵਿਚ, ਸਭ ਤੋਂ ਅਮੀਰ ਸ਼ਖਸ਼ ਹਨ। ਜਿਹਨਾਂ ਦੀ ਆਮਦਨ ਬਾਰੇ ਲੋਕ ਦਸਦੇ ਹਨ ਕਿ ਘੱਟ ਤੋਂ ਘੱਟ ਇਕ ਕਰੋੜ ਰੁਪਇਆ ਉਹਨਾਂ ਦੇ ਸਾਰੇ ਖਰਚੇ ਕੱਢ ਕੇ ਬੱਚਤ ਹੋ ਰੋਜ਼ ਦੀ।'ਏਹ ਹੈ ਗੁਰੂ ਦੇ ਹੁਕਮ ਤੇ ਚੱਲਣ ਦਾ ਫਲ ਕਿਉਂਕਿ ਉਹਨਾਂ ਨੇ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਢਾਲ ਲਿਆ ਹੈ।

ਸੋ ਜਿਹੜੇ ਗੁਰਸਿੱਖ ਗੁਰੂ ਦਾ ਉਪਦੇਸ਼ ਮੰਨ ਕੇ ਉਸ 'ਤੇ ਚਲਦੇ ਹਨ, ਉਹਨਾਂ ਬਾਰੇ, ਧੰਨ ਗੁਰੂ ਰਾਮਦਾਸ ਜੀ ਫੁਰਮਾਨ ਕਰਦੇ ਹਨ 'ਵਡਹੰਸ ਰਾਗ ਦੀ ਵਾਰ ਵਿਚ (ਪਉੜੀ ਪੰਨਾ 590)

ਸੋ ਗੁਰਸਿੱਖ ਧੰਨ ਧੰਨ ਹੈ, ਜਿੰਨੀ ਗੁਰ ਉਪਦੇਸ ਸੁਣਿਆ ਹਰਿ ਕੰਨੀ। ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ, ਤਿਨਿ ਹਉਮੈ ਦੁਬਿਧਾ ਭੰਨੀ। ਬਿਨੁ ਹਰਿ ਨਾਵੈ ਕੋ ਮਿਤ੍ਰ ਨਾਹੀ, ਵੀਚਾਰਿ ਡਿਠਾ ਹਰਿ ਜੰਨੀ। ਜਿਨਾਂ ਗੁਰ ਸਿੱਖਾਂ ਕਉ ਹਰਿ ਸੰਤੁਸਟੁ ਹੈ, ਤਿਨ ਸਤਿਗੁਰ ਕੀ ਗਲ ਮੰਨੀ। ਜੋ ਗੁਰਮੁਖਿ ਨਾਮੁ ਧਿਆਇਦੇ ਤਿੰਨ ਚੜਿਗਣਿ ਵੰਨੀ। 12। ਗੁਰੂ ਰਾਮਦਾਸ ਜੀ ਹੁਕਮ ਕਰ ਰਹੇ ਹਨ ਕਿ ਜਿਹੜੇ ਗੁਰਮੁੱਖ ਗੁਰਸਿੱਖ ਨਾਮ ਧਿਆਉਂਦੇ ਹਨ, ਉਹਨਾਂ ਉੱਤੇ ਚੋਗੁਣੀ ਯਾਨੀ ਚਾਰ ਗੁਣਾ ਜ਼ਿਆਦਾ ਖੁਸ਼ੀ ਸਤਿਗੁਰ ਜੀ ਦੀ ਹੋ ਜਾਂਦੀ ਹੈ।

ਭਗਤ ਸ਼ੇਖ ਫਰੀਦ ਜੀ ਤਾਂ ਅੰਮ੍ਰਿਤ ਵੇਲੇ ਨਾ ਉੱਠਣ ਵਾਲੇ ਨੂੰ ਕਹਿੰਦੇ ਹਨ ਕਿ (ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ। ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ। ੧੦੭। ਪੰਨਾ 1383) ਫਰੀਦ ਜੀ ਫੁਰਮਾਨ ਕਰਦੇ ਹਨ ਕਿ ਹੇ ਇਨਸਾਨ ਜੇਕਰ ਤੂੰ ਪਿਛਲੀ ਰਾਤ



Sri Satguru Jagjit Singh Ji Elibrary NamdhariElibrary@gmail.com

ਯਾਨੀ ਅੰਮ੍ਰਿਤ ਵੇਲੇ ਉੱਠ ਕੇ ਪ੍ਰਮਾਤਮਾ ਨੂੰ ਯਾਦ ਨਹੀਂ ਕੀਤਾ ਤਾਂ ਸਮਝ ਲੈ ਕਿ ਤੂੰ ਜਿਉਂਦਾ ਹੀ ਮਰ ਗਿਆ ਹੈ। ਪਰ ਤੂੰ ਕਦੇ ਸੋਚਿਆ ਹੈ ਕਿ ਤੂੰ ਭਾਵੇਂ ਰੱਬ ਨੂੰ ਭੁੱਲ ਜਾਏਂ, ਪਰ ਰੱਬ ਈਸ਼ਵਰ ਤੈਨੂੰ ਕਦੇ ਨਹੀਂ ਭੁੱਲਦਾ, ਜਿਸ ਤਰ੍ਹਾਂ ਪੰਜਾਬੀ ਵਿਚ ਇਕ ਕਹਾਵਤ ਹੈ ਕਿ (ਪੁੱਤਰ ਕਪੁੱਤਰ ਹੋ ਜਾਂਦੇ ਹਨ, ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ) ਅਰਥਾਤ ਬੱਚੇ ਤਾਂ ਕਈ ਵਾਰ ਮਾਂ ਬਾਪ ਨੂੰ ਭੁੱਲ ਜਾਂਦੇ ਹਨ, ਪਰ ਮਾਂ ਬਾਪ ਕਦੇ ਵੀ ਆਪਣੇ ਬੱਚਿਆਂ ਨੂੰ ਨਹੀਂ ਭੁੱਲਦੇ। ਜਿਸ ਤਰ੍ਹਾਂ ਅਸੀਂ ਰਾਤ ਨੂੰ ਸੌਂ ਜਾਂਦੇ ਹਾਂ, ਪਰ ਸਾਡੇ ਸਵਾਸ ਚਲਦੇ ਰਹਿੰਦੇ ਹਨ, ਉਹ ਨਹੀਂ ਸੌਂਦੇ ਤੇ ਉਹ ਸਵਾਸ ਸਾਡੇ ਕੌਣ ਚਲਾਂਦਾ ਹੈ, ਈਸ਼ਵਰ ਪਿਤਾ ਚਲਾਂਦਾ ਹੈ। ਕਈ ਵਾਰ ਸੁਣਨ ਵਿਚ ਆਉਂਦਾ ਹੈ ਕਿ ਫਲਾਣਾ ਮਨੁੱਖ ਬੀਮਾਰ ਸੀ ਤੇ ਉਹ ਕੋਮਾ ਵਿਚ ਚਲਾ ਗਿਆ ਹੈ, ਪਰ ਮਨੁੱਖੀ ਡਾਕਟਰ ਕੋਲ ਇਤਨੀ ਸਿਆਣਪ ਸ਼ਕਤੀ ਨਹੀਂ ਹੁੰਦੀ ਕਿ ਉਹ ਬੰਦੇ ਨੂੰ ਕੋਮਾ ਵਿਚੋ ਕੱਢ ਲਿਆਉਣ, ਪਰ ਕੋਮਾ ਵਿਚ ਵੀ ਮਨੁੱਖ ਦੇ ਸਵਾਸ ਚਲਦੇ ਰਹਿੰਦੇ ਹਨ, ਪਰ ਮਨੁੱਖ ਮਰਦਾ ਨਹੀ, ਭਾਵੇਂ ਉਹ ਮਨੁੱਖ ਕਈ ਦਿਨ, ਕਈ ਮਹੀਨੇ, ਕਈ ਸਾਲ ਕੋਮਾ ਵਿਚ ਬੇਹੋਸ਼ ਪਿਆ ਰਹੇ, ਪਰ ਉਹ ਪ੍ਰਮਾਤਮਾ ਪਿਤਾ ਉਸ ਦੇ ਸਵਾਸ ਚਲਾਈ ਰਖਦਾ ਹੈ ਮਰਨ ਨਹੀਂ ਦੇਂਦਾ, ਇਸ ਤਰ੍ਹਾਂ ਉਹ ਸਾਡੀ ਰੱਖਿਆ ਕਰਦਾ ਹੈ ਕਿਉਂਕਿ ਅਸੀਂ ਸਭ ਉਸ ਦੇ ਬੱਚੇ ਹਾਂ ਤੇ ਉਹ ਸਾਡਾ ਪਿਤਾ ਹੈ। ਇਸ ਲਈ ਭਗਤ ਫਰੀਦ ਜੀ ਕਹਿ ਰਹੇ ਹਨ ਕਿ ਮਨੁੱਖ ਕਮ ਸੇ ਕਮ ਸਵੇਰੇ ਅੰਮ੍ਰਿਤ ਵੇਲੇ ਤਾਂ ਈਸ਼ਵਰ ਪਿਤਾ ਨੂੰ ਯਾਦ ਕਰ ਲਿਆ ਕਰ ਅਤੇ ਜੇ ਕਰ ਤੂੰ ਅੰਮ੍ਰਿਤ ਵੇਲੇ ਨਹੀਂ ਉੱਠਦਾ ਤਾਂ ਸਮਝ ਲੈ ਕਿ ਤੂੰ ਜੀਉਂਦਾ ਹੀ ਮਰ ਗਿਆ ਹੈਂ। ਸੋ ਸਮੇਂ ਅਨੁਸਾਰ ਕੀਤਾ ਹੋਇਆ ਕੰਮ ਹੀ ਸਾਰਥਕ ਹੁੰਦਾ ਹੈ। ਗੁਰੂ ਰਾਮਦਾਸ ਜੀ ਆਸਾ ਦੀ ਵਾਰ ਦੇ ਇਕ ਛੰਤ ਵਿਚ ਫੁਰਮਾਨ ਕਰਦੇ ਹਨ (ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ) ਸਤਿਗੁਰ ਜੀ ਸਿੱਖਿਆ ਦੇਂਦੇ ਕਹਿ ਰਹੇ ਹਨ ਕਿ ਜੇ ਕਰ ਵਤਰ ਸਮੇਂ ਤੁਸੀਂ ਬੀਜ ਨਾ ਪਾਇਆ ਤਾਂ ਬੀਜ ਉੱਗੇਗਾ ਨਹੀਂ, ਪੈਦਾ ਨਹੀਂ ਹੋਏਗਾ। ਵਤਰ ਕਹਿੰਦੇ ਹਨ – ਜਦੋਂ ਬਾਰਿਸ਼ ਪੈਣ ਤੋਂ ਬਾਅਦ ਖੇਤਾਂ ਵਿਚੋਂ ਪਾਣੀ ਉਪਰੋਂ ਤਰਦਾ ਜਾਂ ਖੜ੍ਹਾ ਹੋਇਆ ਸੁੱਕ ਜਾਵੇ ਅਤੇ ਧਰਤੀ ਗਿੱਲੀ ਹੋਵੇ, ਪਰ ਪਾਣੀ ਖੜ੍ਹਾ ਨਾ ਹੋਵੇ, ਉਸ ਨੂੰ ਕਹਿੰਦੇ ਹਨ ਵਤਰ ਵਾਲੀ ਜ਼ਮੀਨ, ਐਸੀ ਜ਼ਮੀਨ ਵਿਚ ਜੋ ਬੀਜ ਪਾਇਆ ਜਾਵੇ, ਉਹ ਬੀਜ ਸਹੀ ਤਰੀਕੇ ਨਾਲ ਪੈਦਾ ਹੁੰਦਾ ਹੈ ਅਤੇ ਬਹੁਤ ਫਲ ਦਿੰਦਾ ਹੈ। ਸਤਿਗੁਰ ਸਮਝਾ ਰਹੇ ਹਨ ਕਿ ਜੇ ਵਤਰ ਸਮੇਂ ਬੀਜ ਨਹੀਂ ਪਾਇਆ ਤਾਂ ਅਗਲੇ ਸਮੇਂ ਵਿਚ ਜਦ ਤੂੰ ਭੁੱਖਾ ਹੋਵੇਂਗਾ ਤਾਂ ਕੀ ਖਾਏਂਗਾ? ਸੋ ਜੋ ਸਮੇਂ ਸਿਰ ਬੀਜ ਬੋ ਦੇਂਦੇ ਹਨ, ਉਹਨਾਂ ਬਾਰੇ ਗੁਰੂ ਰਾਮਦਾਸ ਜੀ ਰਾਗ ਸੂਹੀ ਵਿਚ ਹੁਕਮ ਕਰਦੇ ਹਨ (ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ, ਭਗਤਿ ਖਾਇ ਖਰਚਿ ਨਿਖੁਟੈ ਨਾਹੀ। ਸੂਹੀ ਮ: ੩ ਪੰਨਾ 733) ਅਰਥਾਤ ਗੁਰੂ ਜੀ ਹੁਕਮ ਕਰਦੇ ਹਨ ਕਿ ਹੇ ਪ੍ਰਾਣੀ ਜੋ ਅੰਮ੍ਰਿਤ ਵੇਲਾ ਹੁੰਦਾ ਹੈ ਏਹ ਵੱਤਰ ਦਾ ਸਮਾਂ ਹੁੰਦਾ ਹੈ, ਇਸ ਵੱਤਰ ਦੇ ਸਮੇਂ ਬੀਜ ਬੋਇਆ ਹੋਇਆ ਫਲਦਾ ਹੈ ਅਤੇ ਉਸ ਦਾ ਫਲ ਜੋ ਹੈ ਉਹ ਭਗਤ ਲੋਕ ਛਕਦੇ ਹਨ, ਅਤੇ ਉਹ ਫਲ ਇਤਨਾ ਪੈਦਾ ਹੁੰਦਾ ਹੈ ਕਿ ਉਹ ਥੋੜ੍ਹਾ ਨਹੀਂ ਪੈਂਦਾ ਤੇ ਉਹ ਕਦੇ ਖਤਮ ਨਹੀਂ ਹੁੰਦਾ। ਇਸੇ ਲਈ ਰਾਗ ਬਸੰਤ ਵਿਚ ਗੁਰੂ ਅਰਜਨ ਦੇਵ ਜੀ ਹੁਕਮ ਕਰਦੇ ਹਨ ਕਿ (ਉਠਿ ਇਸਨਾਨੁ ਕਰਹੁ ਪਰਭਾਤੇ ਸੋਇ ਹਰਿ ਆਰਾਧੇ। ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰ ਸੁਖ ਸਹਜ ਸੇਤੀ ਘਰਿ ਜਾਤੇ। ੩ (ਬਸੰਤ ਮ: 4 ਪੰਨਾ 1182) ਅਰਥਾਤ ਸਤਿਗੁਰ ਜੀ ਹੁਕਮ ਕਰ ਰਹੇ ਹਨ ਕਿ ਹੇ ਗੁਰਸਿੱਖੋ ਪ੍ਰਭਾਤ ਯਾਨੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਤੇ ਫਿਰ ਹਰੀ ਪ੍ਰਮਾਤਮਾ ਦੀ ਅਰਾਧਨਾ ਕਰਹੁ ਤੇ ਸਤਿਗੁਰ ਕਹਿੰਦੇ ਹਨ ਕਿ ਸਤਿਗੁਰੂ (ਬਿਖੜੇ ਦਾਉ) ਔਖੇ ਸਮੇਂ, ਔਖੀਆਂ ਘਾਟੀਆਂ, ਔਖੇ ਕੰਮ, ਸਭ ਹੀ ਸੌਖੇ ਹੀ ਲੰਘਾ ਦਿੰਦੇ ਹਨ। ਹਰ ਮੁਸ਼ਕਲ ਵਿਚੋਂ ਰਬ ਆਪੇ ਹੀ ਉਹਨਾਂ ਨੂੰ ਕੱਢ ਦੇਂਦੇ ਹੈ। ਸੋ ਜੋ ਲੋਕ ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਦੇ ਨਾਮ ਦੀ ਵੀਚਾਰ ਕਰਦੇ ਹਨ, ਅਤੇ ਅੰਮ੍ਰਿਤ ਵੇਲੇ ਉੱਠ ਕੇ ਪਾਠ ਕਰਦੇ ਹਨ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹਨ ਤੇ ਸਿਮਰਨ ਕਰਦੇ ਹਨ, ਉਹੀ ਸ੍ਰੇਸ਼ਟ ਧੰਨ ਗੁਰੂ ਸਿੱਖ ਹਨ ਕਿਉਂਕਿ ਸਤਿਗੁਰੂ ਜੀ ਕਹਿ ਰਹੇ ਹਨ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰਿ

ਨੋਟ : ਪਾਠਕਾਂ ਪ੍ਰਤੀ ਬੇਨਤੀ ਹੈ ਕਿ ਮਨੁੱਖ ਭੁਲਣਹਾਰ ਹੈ, ਭੁੱਲ ਗਲਤੀਆਂ ਸਭ ਮੇਰੀਆਂ ਹਨ, ਜੋ ਸੱਜਣ ਮੇਰੀਆਂ ਭੁੱਲ ਗਲਤੀਆਂ ਮੈਨੂੰ ਵਾਪਸ ਕਰ ਦੇਣਗੇ ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਤੇ ਧੰਨਵਾਦੀ ਹੋਵਾਂਗਾ।

425, ਸਿਮਰਨ ਨਿਵਾਸ, ਗਲੀ ਨੰ: 1,ਨਿਊ ਬਸੰਤ ਵਿਹਾਰ ਕਾਕੋਵਾਲ ਰੋਡ ਲੁਧਿਆਣਾ-141008, ਫੋਨ : 0161-2633515, ਮੋਬਾਇਲ : 9463244912



Sri Satguru Jagjit Singh Ji Elibrary NamdhariElibrary@gmail.com

# ਸੰਗੀਤ ਦਾ ਬੱਚੇ ਉੱਤੇ ਅਸਰ

ਡਾ. ਹਰਸ਼ਿੰਦਰ ਕੌਰ

ਸਾਡੀ ਜ਼ਿੰਦਗੀ ਵਿਚ ਹੋ ਸਕਦਾ ਹੈ ਕਈ ਕੱਲ੍ਹ ਆਉਣ ਅਤੇ ਢੇਰ ਸਾਰੇ ਕੱਲ੍ਹ ਆ ਵੀ ਚੁੱਕੇ ਹੋਣ ਪਰ ਅੱਜ ਦੁਬਾਰਾ ਨਹੀਂ ਆਉਂਦਾ। ਇਸ ਅੱਜ ਨੇ ਹੀ ਇਤਿਹਾਸ ਸਿਰਜਣਾ ਹੁੰਦਾ ਹੈ। ਇਸੇ ਲਈ ਅੱਜ ਨੂੰ ਰੱਜ ਕੇ ਜੀਅ ਲੈਣਾ ਚਾਹੀਦਾ ਹੈ। ਇਸੇ ਅੱਜ ਦਾ ਹਿੱਸਾ ਹੈ ਸਾਡਾ ਪਰਿਵਾਰ ਅਤੇ ਪਰਿਵਾਰ ਵਿਚਲੇ ਖੇੜੇ ਨੂੰ ਭਰਪੂਰ ਕਰਨ ਵਾਲੇ ਹਨ ਸਾਡੇ ਬੱਚੇ।

ਬੱਚਿਆਂ ਨੂੰ ਪਾਲਣ ਦਾ ਢੰਗ ਹਰ ਮਾਪਿਆਂ ਦਾ ਵੱਖਰਾ ਹੁੰਦਾ ਹੈ। ਮੈਂ ਬੱਚੇ ਦੀ ਸ਼ਖਸੀਅਤ ਉਭਾਰਨ ਦੇ ਇਕ ਅਲੱਗ ਅੰਸ਼ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ ਜਿਸ ਨਾਲ ਬੱਚੇ ਨੂੰ ਦੁੱਖ, ਤਕਲੀਫ ਅਤੇ ਖੁਸ਼ੀ ਅਨੁਭਵ ਕਰਨੀ ਆ ਜਾਂਦੀ ਹੈ। ਜਿੰਨਾ ਸੂਖਮ ਅਹਿਸਾਸ ਬੱਚੇ ਨੂੰ ਕਰਨਾ ਆ ਜਾਏ, ਓਨਾ ਹੀ ਜ਼ਿਆਦਾ ਬੱਚਾ ਦੂਜੇ ਪ੍ਰਤੀ ਸੁਹਿਰਦ ਬਣ ਜਾਂਦਾ ਹੈ।

ਮੈਂ ਗੱਲ ਕਰ ਰਹੀ ਹਾਂ ਸੰਗੀਤ ਦੀ।

ਸੰਗੀਤ ਵਿਚ ਉਹ ਤਾਕਤ ਹੁੰਦੀ ਹੈ ਕਿ ਕਿਸੇ ਵੱਡੇ ਨੂੰ ਰੁਆ ਵੀ ਸਕਦਾ ਹੈ ਅਤੇ ਕਿਸੇ ਅੰਦਰ ਲਹੂ ਦੇ ਉਬਾਲ ਨੂੰ ਵੀ ਪੈਦਾ ਕਰ ਸਕਦਾ ਹੈ। ਫੇਰ ਵਿਚਾਰੇ ਬੱਚੇ ਜਿਹੜੇ ਸੰਗੀਤ ਨਾਲ ਜਨਮ ਤੋਂ ਪਹਿਲਾਂ ਤੋਂ ਹੀ ਜੁੜ ਚੁੱਕੇ ਹੋਣ, ਭਲਾ ਕਿਵੇਂ ਇਸਦੇ ਅਸਰ ਤੋਂ ਬਚ ਸਕਦੇ ਹਨ? ਹੁਣ ਤਾਂ ਮੰਨੀ ਪਰਮੰਨੀ ਗੱਲ ਹੈ ਕਿ ਜਨਮ ਤੋਂ ਪਹਿਲਾਂ ਦਾ ਸੁਣਿਆ ਸੰਗੀਤ ਜੇ ਜੰਮਣ ਤੋਂ ਬਾਅਦ ਰੋਂਦੇ ਬੱਚੇ ਨੂੰ ਸੁਣਾ ਦਿੱਤਾ ਜਾਏ ਤਾਂ ਉਹ ਚੁੱਪ ਹੋ ਜਾਂਦਾ ਹੈ ਕਿਉਂਕਿ ਉਹ ਧੁਨ ਪਛਾਣ ਲੈਂਦਾ ਹੈ।

ਛੋਟੇ ਬੱਚੇ ਨੂੰ ਟੀਨ ਦਾ ਡੱਬਾ ਫੜਾ ਦਿਓ ਤੇ ਵੇਖੋ ਫੇਰ ਕੰਨ ਪਾੜਵਾਂ ਸ਼ੋਰ ਪਾ ਕੇ ਕਿਵੇਂ ਖਿੜਖਿੜਾ ਕੇ ਹੱਸਦਾ ਹੈ। ਇਸ ਤੋਂ ਇਲਾਵਾ ਆਪਣਾ ਹੱਥ ਮੇਜ਼ ਜਾਂ ਗੱਤੇ ਉੱਤੇ ਮਾਰ ਕੇ ਵੀ ਬੱਚਾ ਅਲੱਗ ਆਵਾਜ਼ ਕੱਢਣ ਅਤੇ ਸੁਣਨ ਵਿਚ ਮਗਨ ਹੋਇਆ ਵੇਖਿਆ ਜਾ ਸਕਦਾ ਹੈ।

ਕੋਈ ਵੀ ਜਣਾ ਅਚੰਭਾ ਕੇ ਵੇਖ ਸਕਦਾ ਹੈ ਕਿ ਨਵੇਂ ਖਿਡੌਣੇ ਨੂੰ ਤਾਂ ਭਾਵੇਂ ਬੱਚਾ ਕੁਝ ਦੇਰ ਖੇਡ ਕੇ ਸੁੱਟ ਦੇਵੇ ਪਰ ਭਾਂਡੇ ਟੀਂਡਿਆਂ ਨੂੰ ਖੜਕਾਉਣ ਵਾਲੀ ਖੇਡ ਦਿਨ ਵਿਚ ਵੀਹ ਵਾਰ ਖੇਡਣ ਤੋਂ ਬਾਅਦ ਵੀ ਬੱਚਾ ਥੱਕਦਾ ਨਹੀਂ ਅਤੇ ਉਕਤਾਉਂਦਾ ਵੀ ਨਹੀਂ। ਤਿੰਨ ਚਾਰ ਸਾਲ ਤਕ ਪਹੁੰਚਦਾ ਬੱਚਾ ਇਹ ਸਮਝਣ ਯੋਗ ਬਣ ਜਾਂਦਾ ਹੈ ਕਿ ਟੀਨ ਡੱਬਾ, ਗਿਲਾਸ, ਕੌਲੀ, ਪਲੇਟ ਜਾਂ ਮੇਜ਼ ਉੱਤੇ ਲੱਕੜ ਜਾਂ ਚਮਚ ਖੜਕਾਉਣ ਨਾਲ ਕਈ ਅਲੱਗ ਅਲੱਗ ਆਵਾਜ਼ਾਂ ਕੱਢੀਆਂ ਜਾ ਸਕਦੀਆਂ ਹਨ ਅਤੇ ਦੋ ਆਵਾਜ਼ਾਂ ਦਾ ਸੁਮੇਲ ਵੀ ਕੀਤਾ ਜਾ ਸਕਦਾ ਹੈ।

ਮਨੋਵਿਗਿਆਨੀ ਦੱਸਦੇ ਹਨ ਕਿ ਟੀਨ ਡੱਬੇ ਖੜਕਾਉਣ ਨਾਲ ਹੀ ਬੱਚੇ ਨੂੰ ਪਹਿਲੀ ਵਾਰ ਆਪਣੀ ਆਜ਼ਾਦੀ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ ਕਿ ਉਹ ਆਪ ਕੁਝ ਕਰਨ ਜੋਗ ਬਣ ਗਿਆ ਹੈ। ਇਹ ਆਤਮਵਿਸ਼ਵਾਸ ਦੀ ਪਹਿਲੀ ਪੁਲਾਂਘ ਹੁੰਦੀ ਹੈ।

ਹੁਣ ਸੋਚ ਕੇ ਵੇਖੋ ਕਿ ਜੇ ਮਾਂ ਸ਼ੋਰ ਸ਼ਰਾਬਾ ਪਾਉਂਦੇ, ਭਾਂਡੇ ਖੜਕਾਉਂਦੇ ਹੱਸਦੇ ਖੇਡਦੇ ਬੱਚੇ ਨੂੰ ਝਿੜਕਣ ਲੱਗ ਪਵੇ ਤੇ ਹੱਥੋਂ ਭਾਂਡਾ ਖਿੱਚ ਕੇ ਪਰ੍ਹਾਂ ਰੱਖ ਦੇਵੇ ਤਾਂ ਬੱਚੇ ਦੀ ਪਨਪ ਰਹੀ ਮਾਨਸਿਕਤਾ ਉੱਤੇ ਕੀ ਕਹਿਰ ਢਹਿ ਸਕਦਾ ਹੈ? ਬੱਚੇ ਨੂੰ ਆਪਣੀ ਪਹਿਲੀ ਆਜ਼ਾਦੀ ਹੀ ਖੋਹ ਲਈ ਗਈ ਮਹਿਸੂਸ ਹੋਣ ਲੱਗ ਪੈਂਦੀ ਹੈ। ਬੱਚੇ ਨੇ ਤਾਂ ਚੀਕ ਚਿਹਾੜਾ ਮਚਾਉਣਾ ਹੀ ਹੋਇਆ।

ਇਸ ਖਿੱਚ ਧੂਹ ਕਰਨ ਨਾਲੋਂ ਜੇ ਦੋ ਮਿੰਟ ਬੱਚੇ ਨਾਲ ਬਹਿ ਕੇ ਆਪ ਵੀ ਥੋੜ੍ਹਾ ਖੜਾਕ ਕਰ ਕੇ ਰਲ ਕੇ ਹੱਸ ਲਿਆ ਜਾਵੇ ਤੇ ਫੇਰ ਹੋਰ ਖੇਡ ਵੱਲ ਪ੍ਰੇਰਤ ਕਰ ਲਿਆ ਜਾਵੇ ਤਾਂ ਬੱਚੇ ਅੰਦਰ ਮਾਪਿਆਂ ਪ੍ਰਤੀ ਇੱਜ਼ਤ ਅਤੇ ਪਿਆਰ ਵਧਣ ਲੱਗ ਪੈਂਦਾ ਹੈ ਕਿ ਇਹ ਮੇਰੀ ਵੱਖਰੀ ਪਛਾਣ ਦੀ ਕਦਰ ਕਰਦੇ ਹਨ ਅਤੇ ਮੇਰੀ ਆਜ਼ਾਦੀ ਵਿਚ ਵਿਘਨ ਵੀ ਨਹੀਂ ਪਾਉਂਦੇ।

ਸੰਗੀਤ ਰਾਹੀਂ ਬੱਚਾ ਕੁਝ ਸੂਖਮ ਚੀਜ਼ਾਂ ਵੀ ਮਹਿਸੂਸ ਕਰਨੀਆਂ ਸਿੱਖ ਜਾਂਦਾ ਹੈ- ਆਵਾਜ਼ ਦੇ ਬਦਲਾਅ ਰਾਹੀਂ ਆਪਣੇ ਹਾਵ ਭਾਵ ਦਰਸਾਉਣੇ ਅਤੇ ਆਪਣੇ ਦਿਲ ਦੀ ਗੱਲ ਨੂੰ ਅਗਲੇ ਦੇ ਦਿਲ ਤਕ ਪਹੁੰਚਾਉਣੀ। ਬੱਚੇ ਨੂੰ ਸੰਗੀਤ ਵਿਚੋਂ ਉਤਪੰਨ ਹੋਈਆਂ ਧੁਨਾਂ ਰਾਹੀਂ ਮਨ ਨੂੰ ਝੰਜੋੜਨ ਦੀ ਜਾਚ ਆਉਣ ਲੱਗ ਪੈਂਦੀ ਹੈ। ਸਿਰਫ ਸ਼ੋਰ ਸ਼ਰਾਬਾ ਜਾਂ ਰੌਲਾ ਪਾ ਕੇ ਹੀ ਨਹੀਂ ਬਲਕਿ ਬੰਸਰੀ, ਤਬਲੇ ਜਾਂ ਸਿਤਾਰ ਰਾਹੀਂ ਵੀ ਦੂਜੇ



Sri Satguru Jagjit Singh Ji Elibrary NamdhariElibrary@gmail.com

ਤਕ ਆਪਣੀ ਗੱਲ ਪਹੁੰਚਾਈ ਜਾ ਸਕਦੀ ਹੈ, ਇਹ ਵੀ ਬੱਚਾ ਸਮਝਣ ਲੱਗ ਪੈਂਦਾ ਹੈ। ਇਹ ਸ਼ਕਤੀ ਉੱਚਪੱਧਰੀ ਜਾਂ ਮਹਾਨ ਸ਼ਖਸੀਅਤ ਉਭਾਰਨ ਵਿਚ ਕੰਮ ਆਉਂਦੀ ਹੈ ਜਿਸ ਵਿਚ ਆਪਣੀ ਕਹਿਣ ਵਾਲੀ ਗੱਲ ਦਾ ਵਜ਼ਨ ਸਿਰਫ ਰੌਲਾ ਪਾ ਕੇ ਨਹੀਂ ਸਗੋਂ ਮੱਧਮ ਆਵਾਜ਼ ਵਿਚ ਇਕ ਦੋ ਹਰਫ ਬੋਲ ਕੇ ਹੀ ਦਰਸਾਏ ਜਾ ਸਕਦੇ ਹਨ। ਮਸਲਨ, ਕਿਸੇ ਉੱਤੇ ਗੁੱਸਾ ਆ ਜਾਵੇ ਤਾਂ ਇਜ਼ਹਾਰ ਕਰਨ ਦਾ ਕੀ ਤਰੀਕਾ ਹੋ ਸਕਦਾ ਹੈ? ਗੁੱਥਮ ਗੁੱਥਾ ਹੋ ਕੇ ਸਿਰ ਪਾੜ ਲਿਆ ਜਾਵੇ ਜਾਂ ਹਲੀ ਨਰਾਜ਼ਗੀ ਵਿਖਾ ਕੇ ਉੱਥੋਂ ਪਰ੍ਹਾ ਹੋ ਜਾਇਆ ਜਾਏ। ਸਿਆਣੇ ਕਹਿੰਦੇ ਹਨ ਕਿ ਜਿੰਨਾ ਰੁਤਬਾ ਉੱਚਾ ਹੁੰਦਾ ਜਾਏਗਾ, ਓਨਾ ਹੀ ਸੁਹਜ ਜ਼ਿਆਦਾ ਹੋਣਾ ਜ਼ਰੂਰੀ ਹੁੰਦਾ ਹੈ।

ਸੰਗੀਤ ਰਾਹੀਂ ਜਿਹੜੇ ਸੂਖਮ ਅਹਿਸਾਸ ਬੱਚਾ ਸਿੱਖਦਾ ਹੈ, ਉਹ ਹਨ, ਉਦਾਸੀ, ਖੁਸ਼ੀ, ਬੇਚੈਨੀ, ਉਤਸ਼ਾਹ, ਸਹਿਜ ਆਦਿ ਅਤੇ ਇਹ ਅਹਿਸਾਸ ਕਿਵੇਂ ਸਹਿਜੇ ਹੀ ਬੱਚੇ ਅੰਦਰ ਸੰਗੀਤ ਰਾਹੀਂ ਪਹੁੰਚ ਜਾਂਦੇ ਹਨ ਇਸਦਾ ਮਾਪਿਆਂ ਨੂੰ ਪਤਾ ਹੀ ਨਹੀਂ ਲਗਦਾ।

ਸੰਗੀਤ ਰਾਹੀਂ ਸੁਣਨ ਸ਼ਕਤੀ ਵੀ ਵਧੀਆ ਹੁੰਦੀ ਹੈ ਅਤੇ ਦੂਜੇ ਅੰਦਰ ਉਤਪੰਨ ਹੋ ਰਹੇ ਹਾਵ ਭਾਵ ਵੀ ਸਮਝਣ ਦੀ ਸ਼ਕਤੀ ਮਿਲਦੀ ਹੈ।

ਇਸ ਤੋਂ ਇਲਾਵਾ ਸੰਗੀਤ ਰਾਹੀਂ ਸੁਨੇਹੇ ਵਜ਼ਨ ਦੀ ਕਲਾ ਵੀ ਬੱਚੇ ਦੀ ਸ਼ਖਸੀਅਤ ਉਭਾਰਨ ਵਿਚ ਮਦਦ ਕਰਦੀ ਹੈ। ਧੁਨ ਸੁਣਦੇ ਹੀ ਸਰੀਰ ਦੇ ਅੰਗਾਂ ਅੰਦਰ ਹੁੰਦੀ ਹਲਚਲ ਅਤੇ ਵਧੀਆ ਧੁਨ ਉੱਤੇ ਨੱਚ ਉੱਠਣਾ ਬੱਚੇ ਅੰਦਰਲੇ ਜਜ਼ਬਾਤ ਨੂੰ ਹਲੂਣਾ ਦਿੰਦੇ ਰਹਿੰਦੇ ਹਨ।

ਮਨੋਵਿਗਿਆਨੀ ਦੱਸਦੇ ਹਨ ਕਿ ਤਿੰਨ ਤੋਂ ਚਾਰ ਸਾਲ ਦੀ ਉਮਰ ਵਿਚ ਜੇ ਬੱਚੇ ਨੂੰ ਸੰਗੀਤ ਵੱਲ ਆਕਰਸ਼ਿਤ ਕਰ ਦਿੱਤਾ ਜਾਵੇ ਤਾਂ ਉਸ ਦੀ ਸੋਚ ਸ਼ਕਤੀ ਵੀ ਵਧਣ ਲੱਗ ਪੈਂਦੀ ਹੈ। ਬੱਚਾ ਕਿਸ ਮੌਕੇ ਕਿਸ ਤਰ੍ਹਾਂ ਦੇ ਸਰੀਰਕ ਹਾਵ ਭਾਵ ਵਿਖਾਉਂਦਾ ਹੈ, ਉੱਤੇ ਵੀ, ਸੰਗੀਤ ਪ੍ਰਭਾਵ ਪਾਉਂਦਾ ਹੈ।

ਬੱਚੇ ਨੂੰ ਧੱਕੇ ਨਾਲ ਸੰਗੀਤ ਨਹੀਂ ਸਿਖਾਉਣਾ ਚਾਹੀਦਾ ਬਲਕਿ ਖੇਡ ਰਾਹੀਂ ਖਿੱਚ ਪੈਦਾ ਕਰਨੀ ਚਾਹੀਦੀ ਹੈ। ਨਿੱਕੇ ਬੱਚੇ ਅੱਗੇ ਮਾਂ ਜੇ ਗਾ ਕੇ ਕੁਝ ਸੁਣਾਏ ਤਾਂ ਉਹ ਮੰਤਰ ਮੁਗਧ ਹੋ ਕੇ ਸੁਣਦਾ ਰਹਿੰਦਾ ਹੈ। ਜਦੋਂ ਕੁਝ ਵੱਡਾ ਹੋਏ ਤਾਂ ਮਾਂ ਦੀ ਆਵਾਜ਼ ਨਾਲ ਆਪਣੀ 'ਆ', 'ਬਲਾ', 'ਤਾ' ਜੋੜਦਾ ਰਹਿੰਦਾ ਹੈ।

ਕੁਝ ਹੋਰ ਵੱਡਾ ਹੋ ਜਾਣ ਉੱਤੇ ਉਹ ਮਾਂ ਦੇ ਗਾਣੇ ਨਾਲ ਤਾਲ ਮੇਲਦਾ ਹੋਇਆ ਖਿਡੌਣੇ ਜਾਂ ਭਾਂਡੇ ਨਾਲ ਖੜਾਕ ਵੀ ਕਰਦਾ ਹੈ। ਚਾਰ ਪੰਜ ਸਾਲ ਤੇ ਬੱਚਾ ਮਾਂ ਨਾਲ ਗਾਣ ਵੀ ਲੱਗ ਪੈਂਦਾ ਹੈ। ਜਿਨ੍ਹਾਂ ਬੱਚਿਆਂ ਨੂੰ ਮਾਂ ਲੋਰੀ ਗਾ ਕੇ ਸੁਣਾਉਂਦੀ ਹੋਵੇ ਉਹਨਾਂ ਵਿਚੋਂ ਕਈ ਬੱਚੇ ਤਾਂ ਸੌਣ ਲੱਗਿਆਂ ਮਾਂ ਨੂੰ ਕੁਝ ਕਹਿਣ ਦੀ ਬਜਾਏ ਆਪ ਹੀ ਲੋਰੀ ਬੋਲਣਾ ਸ਼ੁਰੂ ਕਰ ਦਿੰਦੇ ਹਨ। ਮਸਲਨ "ਸੋ ਜਾ ਬੱਚੂਆ, ਮਾਣੋ ਬਿੱਲੀ ਆਈ ਆ" ਤੇ ਅੱਖਾਂ ਮੀਟ ਕੇ ਪੈ ਜਾਂਦੇ ਹਨ ਕਿ ਮਾਂ ਆ ਕੇ ਉਹਨਾਂ ਨੂੰ ਥਾਪੜ ਕੇ ਸੁਲਾ ਦੇਵੇ।

ਮੈਂ ਇਹ ਦ੍ਰਿਸ਼ ਆਪਣੇ ਅੱਖੀਂ-ਵੇਖਿਆ ਹੈ ਅਤੇ ਸਵਰਗੀ ਅਨੰਦ ਮਹਿਸੂਸ ਵੀ ਕੀਤਾ ਹੈ ਜਦੋਂ ਮੇਰਾ ਬੇਟਾ ਮੈਨੂੰ ਰਾਤ ਨੂੰ ਲਿਖਦੀ ਵੇਖ ਕੇ ਟੋਕਣ ਦੀ ਬਜਾਏ ਲੋਰੀ ਦੀ ਪਹਿਲੀ ਲਾਈਨ ਬੋਲ ਕੇ ਗੋਦ ਵਿਚ ਸਿਰ ਰੱਖ ਲੈਂਦਾ ਹੁੰਦਾ ਸੀ।

ਸੱਤ ਅੱਠ ਸਾਲ ਦਾ ਬੱਚਾ ਆਪਣੀ ਪਸੰਦ ਦੱਸਣ ਲੱਗ ਪੈਂਦਾ ਹੈ ਕਿ ਉਸਨੂੰ ਕੀ ਪਸੰਦ ਹੈ-ਗਾਣਾ ਜਾਂ ਵਜਾਉਣਾ। ਜੇ ਵਜਾਉਣਾ ਹੈ ਤਾਂ ਕੀ - ਸਿਤਾਰ, ਸੰਤੂਰ, ਵਾਜਾ ਆਦਿ? ਅਲੱਗ ਅਲੱਗ ਧੁਨਾਂ ਬਾਰੇ ਜਾਣਕਾਰੀ ਲੈ ਸਕਣ ਜੋਗ ਬੱਚੇ ਦਾ ਦਿਮਾਗ ਇਕ ਬਿੰਦੂ ਉੱਤੇ ਕੇਂਦ੍ਰਿਤ ਹੋਣ ਲੱਗ ਪੈਂਦਾ ਹੈ ਅਤੇ ਆਪਣੀ ਵੱਖਰੀ ਨਵੀਂ ਧੁਨ ਵੀ ਈਜਾਦ ਕਰ ਸਕਦਾ ਹੈ। ਇਸ ਸਮੇਂ ਜੇ ਬੱਚੇ ਨੂੰ ਵਧੀਆ ਸੰਗੀਤ ਸਿੱਖਿਆ ਦੇ ਦਿੱਤੀ ਜਾਵੇ ਤਾਂ ਬੱਚਾ ਝਟ ਸੰਗੀਤ ਦੀਆਂ ਉਚਾਈਆਂ ਛੂਹਣ ਲੱਗ ਪੈਂਦਾ ਹੈ।

ਜਿਵੇਂ ਹੀ ਬੱਚਾ ਨਵੀਂ ਧੁਨ ਕਢ ਲੈਂਦਾ ਹੈ, ਉਸਦੇ ਆਤਮਵਿਸ਼ਵਾਸ ਵਿਚ ਵਾਧਾ ਹੋਣ ਲਗ ਪੈਂਦਾ ਹੈ ਸਰੀਰ ਅੰਦਰ ਨਵੀਂ ਊਰਜਾ ਉਤਪੰਨ ਹੋ ਜਾਂਦੀ ਹੈ ਅਤੇ ਬੋਲੀ ਵਿਚ ਸੁਧਾਰ ਹੋਣ ਲੱਗ ਪੈਂਦਾ ਹੈ। ਇਕ ਦੂਜੇ ਨਾਲ ਰਲ ਕੇ ਨੱਚਣਾ ਗਾਣਾ, ਵਜਾਉਣਾ ਆਪਸੀ ਪਿਆਰ ਵਿਚ ਵਾਧਾ ਕਰਦਾ ਹੈ ਅਤੇ ਪਿਆਰ ਮਿਲਵਰਤਣ ਨਾਲ ਰਹਿਣਾ ਸਿਖਾਉਂਦਾ ਹੈ।

ਜਿਸ ਤਰ੍ਹਾਂ ਲੈਅ ਵਿਚ ਚੱਲਦੇ ਸੰਗੀਤ ਵਿਚ ਇਕ ਵੀ ਧੁਨ ਗਲਤ ਨਿਕਲ ਜਾਏ ਤਾਂ ਸਾਰਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ, ਬਿਲਕੁਲ ਉਸੇ ਹੀ ਤਰ੍ਹਾਂ ਰਿਸ਼ਤਿਆਂ ਵਿਚ ਫਿੱਕ ਪੈਣ ਲਈ ਕਈ ਵਾਰ ਸਿਰਫ ਇਕ ਕੌੜਾ ਲਫਜ਼ ਹੀ ਬਥੇਰਾ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਤਲਵਾਰ ਨਾਲੋਂ ਜੀਭ ਜ਼ਿਆਦਾ ਤਿੱਖਾ ਵਾਰ ਕਰਦੀ ਹੈ।

ਫੇਰ ਕਿਉਂ ਨਾ ਇਸ ਤਿੱਖੀ ਜੀਭ ਨੂੰ ਮਿੱਠਾ ਸੰਗੀਤ ਉਚਾਰਣ ਵਾਲੇ ਪਾਸੇ ਲਾ ਦਿੱਤਾ ਜਾਵੇ ਜਿਸ ਨਾਲ ਬੱਚੇ ਦੀ ਸ਼ਖਸੀਅਤ ਵੀ ਨਿਖਰ ਜਾਏ ਤੇ ਲੜਾਈ ਅਤੇ ਤਣਾਓ ਤੋਂ ਵੀ



Sri Satguru Jagjit Singh Ji Elibrary NamdhariElibrary@gmail.com

ਬਚਾਓ ਹੋ ਜਾਏ?

ਇਹ ਗੁਰ ਬੱਚੇ ਨੂੰ ਤਾਂ ਵਧੀਆ ਇਨਸਾਨ ਬਣਨ ਵੱਲ ਪ੍ਰੇਰਦੇ ਹੀ ਹਨ ਪਰ ਵਧੀਆ ਸਮਾਜ ਸਿਰਜਨ ਵੱਲ ਪੁੱਟ ਸਾਰਥਕ ਕਦਮ ਵੀ ਸਮਝੇ ਜਾ ਸਕਦੇ ਹਨ।

ਜਦੋਂ ਸੰਗੀਤ ਦੇ ਮਾਧਿਅਮ ਰਾਹੀਂ ਏਨਾ ਕੁਝ ਬੱਚਾ ਸਿੱਖ ਸਕਦਾ ਹੋਵੇ ਤਾਂ ਸੰਗੀਤ ਵੱਲ ਬੱਚੇ ਨੂੰ ਪ੍ਰੇਰਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਅੱਜ ਕੱਲ੍ਹ ਦੇ ਮਾਹੌਲ ਵਿਚ ਜਦੋਂ ਬੱਚੇ ਟੀ. ਵੀ. ਅੱਗੇ ਬਹਿ ਕੇ ਅੱਖਾਂ ਵੀ ਖਰਾਬ ਕਰਦੇ ਹੋਣ ਅਤੇ ਸਿਹਤ ਵੀ, ਵੀਡੀਓ ਅਤੇ ਕੰਪਿਊਟਰ ਵਿਚ ਅੱਖਾਂ ਗੱਡ ਕੇ ਆਪਣਾ ਦਿਮਾਗੀ ਢਾਂਚਾ ਵੀ ਪੁੱਠੇ ਪਾਸੇ ਚਲਾਉਣਾ ਸ਼ੁਰੂ ਕਰ ਦਿੰਦੇ ਹੋਣ ਤਾਂ ਕੀ ਇਹ ਵਾਜਿਬ ਨਹੀਂ ਲਗਦਾ ਕਿ ਬੱਚਿਆਂ ਨੂੰ ਰਸ ਭਿੰਨੇ ਸੰਗੀਤ ਵਿਚ ਮਦਹੋਸ਼ ਕਰ ਦਿੱਤਾ ਜਾਵੇ ਜਿਸ ਨਾਲ ਬੱਚੇ ਦੂਜੇ ਦੇ ਮਨ ਨੂੰ ਪੜ੍ਹਨਾ ਸਿੱਖ ਜਾਏ ਅਤੇ ਘਰਾਂ ਵਿਚ ਸਾਂਝ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਹੋ ਜਾਵੇ?

(ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)


**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**


ਗਉੜੀ ਕਬੀਰ ਜੀ ॥

Gauree

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥

O people, O victims of this Maya, abandon your doubts and dance out in the open.

ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥

What sort of a hero is one who is afraid to face the battle? What sort of satee is she who, when her time comes, starts collecting her pots and pans? ||1||

ਡਗਮਗ ਛਾਡਿ ਰੇ ਮਨ ਬਉਰਾ ॥

Stop your wavering, O crazy people!

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥

Now that you have taken up the challenge of death, let yourself burn and die, and attain perfection. ||1||Pause||

ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥

The world is engrossed in sexual desire, anger and Maya; in this way it is plundered and ruined.

ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥

Says Kabeer, do not forsake the Lord, your Sovereign King, the Highest of the High. ||2||2||17||68||

ਅੰਗ ੩੩੮

Page 338


*With best compliments from a wellwisher*





Sri Satguru Jagjit Singh Ji Elibrary NamdhariElibrary@gmail.com

# ਪਦਮ ਸ਼੍ਰੀ ਰਤਨ ਲਾਲ 'ਦੀਪਕ'

ਰਮਨਦੀਪ ਕੌਰ

ਪੰਜਾਬ ਦੀ ਪਵਿੱਤਰ ਧਰਤੀ ਉਪਰ ਗੁਰੂਆਂ, ਪੀਰਾਂ-ਪੈਗੰਬਰਾ ਦੇ ਜਨਮ ਅਤੇ ਉਹਨਾਂ ਦੁਆਰਾ ਚਲਾਏ ਭਗਤੀ ਸੰਗੀਤ ਦੇ ਪਰਵਾਹ ਨੇ ਭਾਰਤੀ ਸੰਗੀਤ ਨੂੰ ਬਹੁ-ਗਿਣਤੀ ਵਿੱਚ ਸਿਦਕੀ, ਰਿਆਜੀ ਅਤੇ ਤਪੱਸਵੀ ਕਲਾਕਾਰ ਪ੍ਰਦਾਨ ਕੀਤੇ ਜਿਹਨਾਂ ਨੇ ਆਪਣਾ ਸਾਰਾ ਜੀਵਨ ਸੰਗੀਤ ਨੂੰ ਹੀ ਆਪਣਾ ਰੱਬ ਮੰਨ ਕੇ ਸਮਰਪਿਤ ਕੀਤਾ। ਕੁਝ ਵਿਅਕਤੀ ਆਪਣੀ ਉਪਜੀਵਿਕਾ ਖਾਤਰ ਭਾਵੇਂ ਕਿਸੇ ਵੀ ਹੋਰ ਖੇਤਰ ਵਿੱਚ ਕੰਮ ਕਰਦੇ ਰਹੇ ਪ੍ਰੰਤੂ ਉਹਨਾਂ ਨੇ ਆਪਣੀ ਆਤਮਾ ਦੀ ਖੁਰਾਕ ਰੂਪੀ ਸੰਗੀਤ ਨਾਲ ਕੋਈ ਸਮਝੌਤਾ ਨਹੀ ਕੀਤਾ । ਇਹਨਾ ਵਿੱਚੋਂ ਇੱਕ ਮਹਾਨ ਸੰਗੀਤਕਾਰ ਦਾ ਨਾਮ ਹੈ ਰਤਨ ਲਾਲ 'ਦੀਪਕ' ਜੋ ਬਹੁਮੁੱਲੇ ਰਤਨ ਵਜੋਂ ਭਾਰਤੀ ਸੰਗੀਤ ਦੇ ਵਿਕਾਸ ਹਿੱਤ ਦੀਪਕ ਦੀ ਤਰ੍ਹਾਂ ਰੋਸ਼ਨ ਹੋਏ।

ਜਨਮ ਅਤੇ ਪਰਿਵਾਰ

ਰਤਨ ਲਾਲ ਦੀਪਕ ਦਾ ਜਨਮ ਦੱਖਣੀ ਪਾਕਿਸਤਾਨ ਵਿੱਚ 5-4-1937 ਨੂੰ ਲਾਇਲਪੁਰ ਜਿਲ੍ਹੇ ਵਿੱਚ ਹੋਇਆ । ਆਪ ਦੇ ਪਿਤਾ ਦਾ ਨਾਮ ਰਾਮਦੱਤਾ ਅਤੇ ਮਾਤਾ ਨਾਮ ਇਸਰੀ ਦੇਵੀ ਸੀ। ਆਪਜੀ ਦੇ ਪਰਿਵਾਰ ਵਿੱਚ ਪਤਨੀ (ਸੁਦਰਸ਼ਨਾ) ਤੋਂ ਬਿਨਾ ਪੰਜ ਲੜਕੇ ਅਤੇ ਤਿੰਨ ਲੜਕੀਆਂ ਸੰਗੀਤਮਈ ਮਾਹੌਲ ਦਾ ਅਨੰਦ ਮਾਨ ਰਹੇ ਹਨ।

ਵਿਦਿਆਰਥੀ ਜੀਵਨ:

ਸੰਗੀਤ ਦੀ ਆਰਭਿੰਕ ਸਿਖਿਆ ਆਪਜੀ ਦੇ ਘਰ ਤੋਂ ਹੀ ਆਰੰਭ ਹੋਈ । ਚਾਰ ਸਾਲ ਦੀ ਉਮਰ ਵਿੱਚ ਆਪ ਨੇ ਪਿਤਾ ਜੀ ਪਾਸੋਂ ਸੰਗੀਤ ਦੀ ਸਿਖਿਆ ਲੈਣੀ ਸ਼ੁਰੂ ਕੀਤੀ (ਆਪਜੀ ਦੇ ਪਿਤਾ ਰਾਮਦੱਤਾ ਜੀ ਖੁਦ ਵੀ ਇਕ ਮਹਾਨ ਸੰਗੀਤਕਾਰ ਸਨ ਜੋ ਕਿ ਆਸ਼ਿਕ ਅਲੀ ਖਾਂ ਸਾਹਿਬ ਦੇ ਸ਼ਗਿਰਦ ਸਨ) ਇਸ ਤੋਂ ਬਾਅਦ 1947 ਵਿੱਚ ਪੰਡਿਤ ਨੌਰਾਤਾ ਰਾਮ (ਲੁਧਿਆਣਾ) ਨਾਲ ਗੰਢਾਬੰਧਨ ਅਧੀਨ ਸੰਗੀਤ ਦੀ ਸਿਖਿਆ ਲੈਣੀ ਆਰੰਭ ਕੀਤੀ ।ਇਸ ਸਮੇਂ ਦੌਰਾਨ ਆਪਜੀ ਨੇ ਦਿਨ ਵਿੱਚ ੮-੮ ਘੰਟੇ ਅਭਿਆਸ ਕੀਤਾ। ਇਸ ਤੋਂ ਬਾਅਦ 1970 ਵਿੱਚ ਆਪਜੀ ਦਾ ਗੰਢਾਬੰਧਨ ਪਟਿਆਲਾ ਘਰਾਣੇ ਦੇ ਆਖਰੀ ਵਾਰਿਸ ਉਸਤਾਦ ਬਾਕੁਰ ਹੁਸੈਨ ਖਾਂ ਸਾਹਿਬ ਨਾਲ ਹੋਇਆ। ਆਪਜੀ ਨੇ ਲਗਤਾਰ 21 ਸਾਲ ਉਸਤਾਦ ਸਾਹਿਬ ਤੋਂ ਸੰਗੀਤ ਦੀ ਗਹਿਰਾਈ ਜਾਣਨ ਦੀ ਕੋਸ਼ਿਸ਼ ਕੀਤੀ । ਆਪ ਉਸਤਾਦ ਚਾਂਦ ਖਾਂ ਦਿੱਲੀ ਘਰਾਣਾ, ਸਲਾਮਤ ਅਲੀ, ਨਜਾਕਤ ਅਲੀ-ਫਤਿਹ ਅਲੀ, ਅਮਾਨਤ ਅਲੀ (ਪਟਿਆਲਾ ਘਰਾਣਾ) ਦੇ ਸੰਪਰਕ ਵਿੱਚ ਰਹੇ। ਸੰਗੀਤਕ ਵਿਦਿਆ ਤੋਂ ਬਿਨਾ ਆਪਜੀ ਨੇ 1960 ਵਿੱਚ ਬੀ.ਏ ਤੱਕ ਦੀ ਸਿਖਿਆ ਪੂਰਨ ਕੀਤੀ।

ਪ੍ਰਦਰਸ਼ਨ ਕਰਤਾ ਦੇ ਰੂਪ ਵਿੱਚ:

ਆਪ ਆਲ ਇੰਡੀਆ ਰੇਡੀਓ ਜਲੰਧਰ ਦੇ ਬੀ.ਹਾਈ ਗ੍ਰੇਡ ਪ੍ਰਮਾਣਿਤ ਕਲਾਕਾਰ ਹਨ। 1955 ਤੋਂ ਲੈ ਕੇ ਅੱਜ ਤੱਕ ਨਿਰੰਤਰ ਆਪਣਾ ਪ੍ਰਦਰਸ਼ਨ ਕਰ ਰਹੇ ਹਨ। ਆਪ ਨੇ 1964 ਤੋਂ ਲੈ ਕੇ 1976 ਤੱਕ 9 ਵਾਰ ਹਰਿਵੱਲਭ ਸੰਗੀਤ ਸੰਮੇਲਨ ਪ੍ਰਦਰਸ਼ਨ ਕਰਕੇ ਸਰੋਤਿਆਂ ਤੋਂ ਵਾਹ-ਵਾਹ ਪ੍ਰਾਪਤ ਕੀਤੀ । ਆਪਜੀ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ, ਚਰਚ ਗੇਟ ਕਾਨਫਰੰਸ ਲਖਨਊ, ਵਾਰਾਨਸੀ, ਦਿੱਲੀ, ਰਾਜਸਥਾਨ, ਬੀਕਾਨੇਰ, ਜੈਪੁਰ, ਜੋਧਪੁਰ ਆਦਿ ਸਥਾਨਾਂ ਉਪਰ ਆਪਣੀ ਕਲਾ ਦੇ ਜੌਹਰ ਵਿਖਾਏ। ਵਿਦੇਸ਼ਾਂ ਵਿੱਚ ਇੰਗਲੈਂਡ, ਰੂਸ ਅਤੇ ਹੋਰ ਏਸ਼ੀਅਨ ਦੇਸ਼ਾਂ ਵਿੱਚ ਆਪਣੀ ਕਲਾ ਦਾ ਲੋਹਾ ਮਨਵਾਇਆ। ਆਪਜੀ ਦੇ ਮਨ ਪਸੰਦ ਰਾਗ ਮਾਲਕੌਸ, ਗੁਣਕਲੀ, ਗੁਜਰੀ ਤੋੜੀ, ਅੜਾਨਾ, ਭੀਮਪਲਾਸੀ ਆਦਿ ਹਨ। ਆਪਜੀ ਜੀ ਖਿਆਲ ਗਾਇਕੀ ਦੇ ਨਿਪੁੰਨ ਕਲਾਕਾਰ ਹਨ। ਆਪਜੀ ਰੇਲਵੇ ਵਿਭਾਗ ਵਿੱਚ ਕਲਚਰਲ ਮਿਊਜ਼ਿਕ ਇੰਸਪੈਕਟਰ ਦੇ ਅਹੁੱਦੇ ਉਪਰ 40 ਸਾਲ ਸੰਗੀਤ ਦੀ ਸੇਵਾ ਕੀਤੀ। ਰੇਲਵੇ ਵਿੱਚ ਸੰਗੀਤ ਨੂੰ ਸੰਸਥਾਗਤ ਸਿਖਿਆ ਪ੍ਰਣਾਲੀ ਅਧੀਨ ਲੈ ਕੇ ਆਉਣ ਦਾ ਸਿਹਰਾ 'ਦੀਪਕ' ਜੀ ਨੂੰ ਹੀ ਜਾਂਦਾ ਹੈ। ਇਸ ਸਮੇਂ ਰੇਲਵੇ ਵਿੱਚ ਲੱਗਭਗ 40 ਸਕੂਲ ਹਨ ਜਿਹਨਾਂ ਵਿੱਚ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਹੈ ਜੋ ਕਿ ਇਸ ਸੰਗੀਤਕਾਰ ਦੇ ਸੰਗੀਤ ਸਬੰਧੀ ਯੋਗਦਾਨ ਨੂੰ ਦਰਸਾਉਂਦੀ ਹੈ।

ਪ੍ਰਕਾਸ਼ਨ, ਕੈਸਟਾਂ ਅਤੇ ਬੰਦਿਸ਼ਾਂ:

ਆਪ ਨੇ ਅੱਠਵੀਂ ਕਲਾਸ ਵਾਸਤੇ ਸੰਗੀਤ ਭਾਗ-4 (ਜੋ ਕਿ ਪਟਿਆਲਾ ਘਰਾਣੇ ਦੀ ਗਾਇਕੀ ਉਪਰ ਅਧਾਰਿਤ ਸੀ) ਦੀ ਰਚਨਾ ਕੀਤੀ । ਸ਼ਾਸ਼ਤਰੀ ਸੰਗੀਤ ਨਾਲ ਸਬੰਧਿਤ ਆਡੀਓ ਕੈਸਟ ਐਚ.ਐਮ.ਵੀ. ਕੰਪਨੀ ਵੱਲੋਂ 'ਮਹਿਫਿਲ' ਸਿਰਲੇਖ ਹੇਠ ਰਿਕਾਰਡ ਹੋਈ ਇਸ ਤੋਂ ਬਾਅਦ ਫਿਲਮ 'ਆਲੀਸ਼ਾਨ' ਅਤੇ 'ਪੱਥਰ' ਵਿੱਚ ਪਿਠਵਰਤੀ ਗਾਇਕੀ ਅਤੇ ਗਜ਼ਲ ਦੇ ਰੂਪ ਵਿੱਚ ਯੋਗਦਾਨ ਦਿਤਾ ।ਆਪ



Sri Satguru Jagjit Singh Ji Elibrary NamdhariElibrary@gmail.com

ਨੇ 20-25 ਬੰਦਿਸ਼ਾਂ ਦੀ ਰਚਨਾ ਕੀਤੀ ਜਿਹਨਾਂ ਨੂੰ ਗਾ ਕੇ ਸਹਿਜਤਾ ਮਹਿਸੂਸ ਹੁੰਦੀ ਹੈ। ਆਪ ਨੇ ਕੁਝ ਨਵੇਂ ਰਾਗਾਂ ਦੀ ਰਚਨਾ ਕੀਤੀ ਜਿਵੇਂ ਭੂਪਕਲੀ ਜਾਂ ਭਾਵੇਸ਼ਵਰੀ ਕਲੀ, ਰਾਗ ਦੇਸ਼ਕਾਰੀ, ਰਾਗ ਲਲਿਤ-ਭਟਿਆਰ (ਥਾਟ-ਮਾਰਵਾ) ਆਦਿ । ਰਾਗ ਭੂਪਕਲੀ ਦੀ ਬੰਦਿਸ਼ ਦੇ ਬੋਲ ਇਸ ਤਰ੍ਹਾਂ ਹਨ।

ਸਥਾਈ:
ਮੈਂ ਦੁਵਾਰੇ ਤੇਰੇ ਆਇਆ, ਤੂੰ ਮੋਰੇ ਦਾਤਾ,
ਤੂੰ ਦਾਤਾ ਤੂੰ ਸਭ ਕਾ ਰਖਵਾਲਾ।
ਅੰਤਰਾ:
ਤੂੰ ਦਾਤਾ ਸਭ ਕਾ ਰਖਵਾਲਾ,
ਤੂੰ ਕਰਦੇ ਨਈਆ ਪਾਰ।

ਸੰਗੀਤ ਸੰਭਾਵਾਂ ਦਾ ਆਯੋਜਨ:

ਸ਼੍ਰੀ ਦੀਪਕ ਭਾਰਤੀ ਸੰਗੀਤ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੇ ।ਆਪ ਸਰਸਵਤੀ ਸੰਗੀਤ ਸਭਾ ਲੁਧਿਆਣਾ, ਸਰਸਵਤੀ ਸੰਗੀਤ ਸਭਾ, ਦਿੱਲੀ ਦੇ ਚੇਅਰਮੈਨ ਅਹੁੰਦੇ ਉਪਰ ਕਾਰਜਰਤ ਰਹੇ। ਇਸ ਤੋਂ ਬਿਨਾਂ ਬੜੇ ਗੁਲਾਮ ਅਲੀ ਖਾਂ ਸਾਹਿਬ ਦੀ ਬਰਸੀ 'ਮਹਿਫਿਲ' ਦੇ ਰੂਪ ਵਿਚ ਮਨਾਉਂਦੇ ਹਨ ਜੋ ਕਿ ਸਲਾਘਾਯੋਗ ਕਦਮ ਹੈ।

ਸਨਮਾਨ ਤੇ ਉਪਾਧੀਆਂ:

1983 ਵਿੱਚ ਭਾਰਤ ਸਰਕਾਰ ਵੱਲੋ 'ਤਾਨ ਕਪਤਾਨ' ਦੀ ਉਪਾਧੀ ਮਿਲੀ ।

1993 ਵਿੱਚ ਸਰਕਾਰ ਰਾਹੀਂ 'ਪਦਮ ਸ਼੍ਰੀ' ਦੀ ਉਪਾਧੀ ਗਿਆਨੀ ਜੈਲ ਸਿੰਘ ਪਾਸੋਂ ਮਿਲੀ।

'ਨਾਈਟ ਐਂਗਲ' ਨਾਮਕ ਦੋ ਐਵਾਰਡ ਬੈਂਕਾਕ ਵਿੱਚ ਸੰਗੀਤਕ ਕਾਨਫਰੰਸ ਕਰਕੇ ਮਿਲੇ।

ਸ਼ਾਸ਼ਤਰੀ ਸੰਗੀਤ ਦੇ ਅਤੀਤ ਅਤੇ ਭਵਿੱਖ ਸਬੰਧੀ ਵਿਚਾਰ:

ਪੁਰਾਤਨ ਸੰਗੀਤ ਅਤੇ ਮੌਜੂਦਾ ਸੰਗੀਤ ਵਿੱਚੋਂ ਸ਼੍ਰੀ ਦੀਪਕ ਗੁਰੂ ਸ਼ਿਸ਼ ਪਰੰਪਰਾ ਨੂੰ ਜਿਆਦਾ ਮਹੱਤਵ ਦਿੰਦੇ ਨਜ਼ਰ ਆਏ ਆਪ ਦੇ ਵਿਚਾਰ ਹਨ:- "ਜਿਹੜੇ ਜਮਾਨੇ ਦਾ ਚੱਲਨ ਚੱਲ ਰਿਹਾ ਹੈ ਅਸੀਂ ਦੇਖ ਰਹੇ ਹਾਂ ਕਿ ਸੁਗਮ ਸੰਗੀਤ ਵਿੱਚ ਇੰਨੀ ਜਿਆਦਾ ਹਫੜਾ-ਤੱਫੜੀ ਮਚੀ ਹੋਈ ਹੈ ਇਸ ਵਿੱਚ ਦਿਲ ਉਪਰ ਅਸਰ ਕਰਨ ਵਾਲੇ ਸੁਰ ਬਿਲਕੁਲ ਨਹੀ ਭਾਤ ਰਹੇ ਅਤੇ ਸਹਿਜੇ ਸੰਗੀਤ ਦੀ ਲਹਿਰ ਦੌੜ ਰਹੀ ਹੈ ਜਿਸ ਦਾ ਕੋਈ ਮਹੱਤਵ ਨਹੀਂ । ਹੁਣ ਲੋਕਾਂ ਨੂੰ ਇਸ ਸਬੰਧੀ ਸਮਝ ਆ ਗਈ ਹੈ ਕਿ ਜੋ ਸ਼ਾਸ਼ਤਰੀ ਸੰਗੀਤ ਵਿੱਚ ਹੈ ਉਹ ਹੋਰ ਕਿਤੇ ਨਹੀ ਮਿਲ ਸਕਦਾ।

**ਭਗਤ ਮੰਗਤ ਰਾਮ**

ਮੱਧ ਕਾਲ ਵਿੱਚ ਉੱਤਰ-ਭਾਰਤ ਵਿੱਚ ਧਰੁਪਦ ਸ਼ੈਲੀ ਦਾ ਬੋਲ-ਬਾਲਾ ਸੀ। ਇਸਨੂੰ ਪ੍ਰਚਾਰ ਅਤੇ ਪ੍ਰਸਾਰ ਵਿੱਚ ਲਿਆਉਣ ਵਾਲੇ ਬਹੁਤ ਸਾਰੇ ਗਾਇਕ ਪੰਜਾਬੀ ਸਨ। ਮੁਗਲ ਕਾਲ ਨੂੰ ਸੰਗੀਤ ਕਾਲ ਦਾ ਸਵਰਨ ਯੁੱਗ ਬਣਾਉਣ ਵਾਲੇ ਮਹਾਨ ਕਲਾਵੰਤ ਸੁਆਮੀ ਹਰੀਦਾਸ ਜੀ, ਬੈਜੂ-ਬਵਾਰਾ, ਗੋਪਾਲ ਲਾਲ, ਸੁਧਾਕਰ ਅਤੇ ਦਿਵਾਕਾਰ ਆਦਿ ਨਾਮਵਰ ਸ਼ਖਸ਼ੀਅਤਾਂ ਹੋਈਆ ਹਨ। ਇਹਨਾਂ ਪ੍ਰਸਿੱਧ ਸ਼ਾਸ਼ਤਰੀ ਗਾਇਕਾਂ ਵਿੱਚੋਂ ਭਗਤ ਮੰਗਤ ਰਾਮ ਨੂੰ ਵੀ ਧਰੁਪਦ ਵਿੱਚ ਵਿਲੱਖਣ ਮੁਹਾਰਤ ਹਾਸਿਲ ਸੀ।

ਜਨਮ ਅਤੇ ਸਿਖਿਆ:

ਭਗਤ ਮੰਗਤ ਰਾਮ ਦਾ ਜਨਮ 1888 ਈ: ਨੂੰ ਪਿੰਡ ਭੜਸਾਲੀ (ਹੁਸ਼ਿਆਰਪੁਰ) ਵਿਖੇ ਹੋਇਆ। ਬਚਪਨ ਵਿੱਚ ਚੇਚਕ ਦੀ ਬਿਮਾਰੀ ਲੱਗਣ ਕਰਕੇ ਆਪ ਜੀ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ। ਆਪ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਮੋਹ ਸੀ। ਇਹਨਾ ਦੇ ਪਿੰਡ ਭੜਸ਼ਾਲੀ ਵਿੱਚ ਇੱਕ ਬਜੁਰਗ ਪੰਡਤ ਭਜਨ ਕੀਰਤਨ ਕਰਿਆ ਕਰਦੇ ਸਨ। ਪੰਡਿਤ ਜੀ ਦੇ ਭਜਨ ਕੀਰਤਨ ਨੂੰ ਆਪ ਆਪਣੀ ਅੰਤਰ ਦ੍ਰਿਸਟੀ ਨਾਲ ਮਹਿਸੂਸ ਕਰਦੇ ਸਨ। ਇਸ ਤਰਾਂ ਆਪ ਦੇ ਸ਼ੌਕ ਨੂੰ ਦੇਖ ਕੇ ਪੰਡਤ ਜੀ ਨੇ ਸਿਖਾਉਣਾ ਸ਼ੁਰੂ ਕਰ ਦਿੱਤਾ। ਸੰਗੀਤ ਸਿੱਖਣ ਦੀ ਲਾਲਸਾ ਦਿਨ-ਬ-ਦਿਨ ਵਧਦੀ ਗਈ। ਇਸੇ ਸਮੇ ਦੌਰਾਨ ਜਲੰਧਰ ਵਿਚ ਹਰਿਵੱਲਭ ਸੰਗੀਤ ਸੰਮੇਲਨ ਸੁਣਿਆ। ਇਸ ਸੰਮੇਲਨ ਨੂੰ ਸੁਣਨ ਤੋਂ ਬਾਅਦ ਆਪ ਇਸ ਸ਼ਹਿਰ ਦੇ ਹੀ ਹੋ ਕੇ ਰਹਿ ਗਏ। ਅੱਖਾ ਦੀ ਜੋਤੀ ਨਾ ਹੋਣ ਕਾਰਨ ਇਹ ਸਮਾਂ ਆਪ ਜੀ ਲਈ ਕਠਿਨਾਈਆਂ ਭਰਿਆ ਰਿਹਾ। ਰੋਜ਼ੀ ਰੋਟੀ ਲਈ ਰੁਜਗਾਰ ਦੀ ਲੋੜ ਸੀ ਪਰ ਅੱਖਾਂ ਦੀ ਰੌਸ਼ਨੀ ਨਾ ਹੋਣ ਕਰਕੇ ਕੋਈ ਕੰਮ ਜਲਦੀ ਪ੍ਰਾਪਤ ਨਹੀਂ ਸੀ ਹੋ ਸਕਦਾ। ਕੁਦਰਤੀ ਇਹਨਾਂ ਦਿਨਾਂ ਵਿੱਚ ਆਪ ਦਾ ਮੇਲ ਪੰਡਿਤ ਦੇਵੀ ਚੰਦ ਮਦਾਨ ਜੀ ਨਾਲ ਹੋਇਆ। ਉਹਨਾਂ ਨੇ ਭਗਤ ਮੰਗਤ ਰਾਮ ਦਾ ਸੰਗੀਤ ਪ੍ਰਤੀ ਝੁਕਾਅ ਅਤੇ ਲਗਨ ਨੂੰ ਦੇਖ ਕੇ ਉਹਨਾਂ ਨੂੰ ਆਪਣੇ ਕੋਲ ਹੀ ਰੱਖ ਕੇ ਗਾਇਨ ਦੀ ਤਾਲੀਮ ਵਿਧੀ ਵੱਧ ਰੂਪ ਵਿਚ ਦੇਣੀ ਆਰੰਭ ਕੀਤੀ। ਭਗਤ ਮੰਗਤ ਰਾਮ ਜੀ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਪੰਡਤ ਜੀ ਕੋਲੋ ਧਰੁਪਦ, ਧਮਾਰ ਗਾਇਨ ਸ਼ੈਲੀਆਂ ਦੀ ਤਾਲਿਮ ਹਾਸਿਲ ਕੀਤੀ। ਆਪਨੇ ਕੁਝ ਸਾਲਾਂ ਵਿਚ ਹੀ ਮਹਾਨ ਕਲਾਵੰਤਾਂ ਦੀ ਸ੍ਰੇਣੀ ਵਿਚ ਆਪਣਾ ਨਾਂ ਦਰਜ ਕਰਵਾਇਆ। ਆਪ ਆਪਣੀ ਗਾਇਕੀ ਕਰਕੇ ਇੰਨੇ ਪ੍ਰਸਿੱਧ ਹੋ ਚੁੱਕੇ ਸੀ ਕਿ ਪੰ: ਇਸਨੂੰ ਦਿਗੰਬਰ ਪਲੁਸਕਰ ਜੀ ਨੇ ਵੀ ਆਪ ਨੂੰ ਸਿਖਾਉਣਾ ਆਰੰਭ ਕੀਤਾ ਅਤੇ ਸੰਗੀਤ ਦੇ ਪ੍ਰਚਾਰ ਲਈ ਉਤਸ਼ਾਹਿਤ ਕੀਤਾ।



Sri Satguru Jagjit Singh Ji Elibrary NamdhariElibrary@gmail.com

ਅਧਿਆਪਨ ਅਤੇ ਗੁਰੂ ਵਜੋ:-

ਭਗਤ ਮੰਗਤ ਰਾਮ ਜੀ ਨੇ ਕੰਨਿਆਂ ਮਹਾਂ-ਵਿਦਿਆਲਾ ਜਲੰਧਰ ਵਿਚ ਅਧਿਆਪਨ ਕਾਰਜ ਕੀਤਾ। ਕੁਝ ਸਮੇਂ ਬਾਅਦ ਆਪ ਨੇ ਸੁਤੰਤਰ ਰੂਪ ਵਿਚ ਸੰਗੀਤ ਵਿਦਿਆਲੇ ਦੀ ਸਥਾਪਨਾ ਕੀਤੀ। ਇਸ ਵਿਦਿਆਲੇ ਵਿਚ ਆਪ ਨੇ ਗੁਰੂ-ਸ਼ਿਸ ਪਰੰਪਰਾ ਅਧੀਨ ਵਿਧੀਵਤ ਸਿਖਿਆ ਦੇਣੀ ਸ਼ੁਰੂ ਕੀਤੀ। ਭਗਤ ਜੀ ਨੇ ਬਹੁ-ਗਿਣਤੀ ਵਿਦਿਆਰਥੀਆਂ ਨੂੰ ਮੁਫਤ ਤਾਲੀਮ ਦਿੱਤੀ। ਆਪ ਦੇ ਸ਼ਗਿਰਦਾ ਦੀ ਗਿਣਤੀ ਬਹੁਤ ਜਿਆਦਾ ਸੀ। ਆਪ ਨੇ ਭਾਰਤੀ ਸੰਗੀਤ ਲਈ ਅਨੇਕ ਸੰਗੀਤਕਾਰ ਤਿਆਰ ਕੀਤੇ। ਜਿਹਨਾਂ ਵਿੱਚੋ ਪੰ: ਭੀਮਸੇਨ ਜੋਸ਼ੀ, ਪੰ: ਸਰੁਤੀ ਰਤਨ ਸ਼ਰਮਾ, ਜਗਨ ਨਾਥ ਭਾਰਤੀ, ਦੇਸ਼ ਬੰਧੂ ਸੇਠੀ, ਸ੍ਰੀ ਹਜੂਰਾ ਸਿੰਘ, ਮੋਹਨ ਸ਼ਰਮਾ ਅਤੇ ਬਲਵੰਤ ਰਾਏ ਜਸਵਾਲ ਆਦਿ ਦੇ ਨਾਮ ਵਰਨਣਯੋਗ ਹਨ।

ਗਾਇਕ ਦੇ ਰੂਪ ਵਿੱਚ:

ਭਗਤ ਮੰਗਤ ਰਾਮ ਜੀ ਨੇ ਕਈ ਸਾਲ ਹਰਿਵੱਲਭ ਸੰਗੀਤ ਸੰਮੇਲਨ ਵਿਚ ਗਾਇਨ ਪੇਸ਼ ਕੀਤਾ ਅਤੇ ਇਸ ਸੰਮੇਲਨ ਦੇ ਸੰਚਾਲਕਾ ਨੂੰ ਪੂਰਨ ਸਹਿਯੋਗ ਵੀ ਦਿੰਦੇ ਰਹੇ। ਇਸੇ ਸਮੇ ਦੋਰਾਨ ਆਲ ਇੰਡੀਆ ਰੇਡਿਉ ਜਲੰਧਰ ਦੀ ਸਥਾਪਨਾ ਹੋ ਜਾਣ ਉਪਰੰਤ ਭਗਤ ਮੰਗਤ ਜੀ ਨੇ ਰੇਡਿਉ ਸਟੇਸ਼ਨ ਤੋਂ ਆਪਣੇ ਗਾਇਕੀ ਦੇ ਜੋਹਰ ਦਿਖਾਏ।

ਸੰਗੀਤ ਪ੍ਰਚਾਰਕ ਵਜੋ:-

ਭਗਤ ਮੰਗਤ ਰਾਮ ਜੀ ਨੇ 'ਆਰੀਆ ਸਮਾਜ ਮੰਦਰ' ਸੰਗੀਤ ਸੰਮੇਲਨ ਜਲੰਧਰ ਵਿਖੇ ਆਰੰਭ ਕੀਤਾ ਜਿਸ ਵਿਚ ਉੱਚ ਕੋਟੀ ਦੇ ਉਸਤਾਦ ਸੰਗੀਤਕਾਰਾਂ ਤੋਂ ਇਲਾਵਾ ਵਿਦਿਆਰਥੀ ਵਰਗ ਨੂੰ ਵੀ ਕਲਾ ਪ੍ਰਦਰਸ਼ਨ ਦੇ ਮੌਕੇ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਆਪਜੀ ਨੇ ਇਕ ਸੱਚੇ ਸੰਗੀਤ ਉਪਾਸਕ ਅਤੇ ਪ੍ਰਚਾਰਕ ਦੀ ਭਾਂਤੀ ਕਾਰਜ ਕੀਤਾ।ਭਗਤ ਮੰਗਤ ਰਾਮ ਜੀ ਨੇ ਆਪਣਾ ਅੰਤਲਾ ਸਮਾਂ ਪਿੰਡ ਭਤਸਾਲੀ ਵਿਖੇ ਹੀ ਗੁਜਾਰਿਆ।

ਐਮ.ਏ., ਐਮ.ਫਿਲ. (ਸੰਗੀਤ)
ਪਿੰਡ ਨੂਰਪੁਰਾ, ਤਹਿ: ਪਾਤੜਾਂ ਜ਼ਿਲ੍ਹਾ ਪਟਿਆਲਾ
ਮੋ: 9915105008

Phone : (O) 011-23312440

Sawhney Cloth House

46, Shanker Market, Connaught Circus, New Delhi - 110 001

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

Sector: 22 - C, Chandigarh,
Ph.: 2700045-48 Fax : 0172-2700051
E-mail : hotelaroma@glide.net.in
Website : www.hotelaroma.com



Sri Satguru Jagjit Singh Ji Elibrary NamdhariElibrary@gmail.com

# सारंगी का इतिहास

**शमिन्दर पाल सिंह**

भारतीय संगीत के इतिहास में 'सारंगी' एक बहुत ही प्राचीन वाद्य है। यह अद्वितीय, विलक्षण मधुर और मिठास से भरपुर वाद्य है, जिस के प्रत्येक संगीत प्रेमी, संगीत में रूचि रखने वाला, चाहे वह लोकगायकी से संबंध रखता हो चाहे क्लासीकल या शब्द–भजन आदि से: भली भांति परिचित है। भारतीय संगीत की महान हस्तियां चाहे नृत्य–कला, तबला, सोलोवादन या गायन से अपनी कला का लोहा मनवाने वाले शास्त्रीय गायक हों आदि सब सारंगी से परिचित रहे हैं। आज भी वे इस मधुर वाद्य को बराबर का मान–सम्मान देते हैं।

सारंगी एक खास तरह की लकड़ी जिसे 'तुण' या 'महूआ' कहा जाता है से तैयार की जाती है। २६) इंच लकडी के एक ही पूरे टूकडे से सारंगी तैयार की जाती है। यह लकड़ी का टुकड़ा दोनों तरफ से खोखला करने के उपरान्त शेष तैयारी जैसे कि ऊपरी भाग दौरी और उस पर चमड़ा लगा कर जोकि बकरे की खाल होती है पर चमड़े का तस्मा लगाने के पश्चात् बाकी खुंटियां, मुक्ते व तार गहिण को सारंगी के माथे पर लगाने के पश्चात्, शेष तारों को कसने का काम सब से अंत में किया जाता है।

सारंगी शब्द से ही स्पष्ट है, जिस में गायकी का हर गुण मौजूद हो–विद्वानजन सारंगी को सौ–रंगी के नाम से भी पुकारते हैं, क्योंकि प्रत्येक गुण होने के कारण ही इसे सारंगी कहा जाता है। जब बारिश होती है तो आकाश में सात रंगों का इन्द्रधनुष दिखाई देता है जिसे सारंग भी कहा जाता है सारंगी का गज़ भी इसी प्रकार का होता है, जिस के ऊपर घोड़े की पूंछ के बाल लगाने के पश्चात् जब वादक तंदी के ऊपर उसे रगड़ता है तो उसे सारंग के अंग लगने के कारण भी उसे सारंगी कहा जाने लगा। जो भी हो, सारंगी भारतीय संगीत चाहे वह लोक–संगीत हो या क्लासीकल संगीत या फिर नृत्य–कला, भजन, शब्द, गीत, ग़ज़ल आदि गायन की अनेक अलग अगल शैलियां जो भारतीय संगीत में प्रचलित हैं, इन के साथ सारंगी का तालमेल प्राचीन समय से लेकर वर्तमान समय में भी अतिमहत्वपूर्ण रहा है। भारतीय संगीत के इतिहास में सारंगी के समान कोई भी वाद्य बेजोड़, बेमिसाल और मीठा नहीं है, जिस में गायकी की सारी बारीकियां जैसे कि मींड, सूत, घसीट, गमक, खटके–झटके की तानें, बलदार तानें, सपाट अंग आदि गायकी के अन्य बहुत सारे प्रकार हैं जिन की संगीत के लिए सारंगी ही एक ऐसा वाद्य है जो मानव या गायक के गले की बारीकियों को हू–ब–हू निकालने में समर्थ है। इसी लिए सारंगी को प्रथम स्थान पर रखा गया है। इस के अलावा नृत्य–कला, तबला या पखावज वादन के साथ भी इसकी संगत को अति महत्वपूर्ण माना गया है।

सारंगी का इतिहास बहुत ही पुराना है। विद्वजनों के मुताबिक करोड़ों साल पहले त्रेतायुग से ही सारंगी का प्रचलन किसी न किसी रूप में होता रहा है। सातवीं शताब्दी से ले कर १३वीं शताब्दी तक अनेक बार वीणा का इतिहास में ज़िक्र किया गया है। जिनमें से 'अलाबू वीणा' 'इक तंत्री', कछपी वीणा', 'कलावती वीणा', 'किन्नरी', 'घोषवंती वीणा', 'तीन तंत्री वीणा', 'दंडी वीणा' 'पिनाकनी वीणा' आदि का इतिहास में प्राचीन काल से ही वर्णन मिलता है। गाने और नृत्य कला की संगत अनके प्रकार की वीणाओं द्वारा ही की जाती रही है। चाहे इतिहास में सारंगी का ज़िक्र इस नाम से न किया जाता रहा हो, पर सारंगी किसी न किसी रूप से इतिहास से जुड़ी रही ह। इसी कारण हम कह सकते हैं कि यह एक बहुत



Sri Satguru Jagjit Singh Ji Elibrary NamdhariElibrary@gmail.com

ही प्राचीन वाद्य है, क्योंकि सारंगी को भी वीणा के नाम सी ही जाना जाता रहा है। जैसे कि सब से पहले एक तंत्री वीणा का इतिहास में ज़िक्र आता है और समयनुसार इस में बदलाव भी होते रहे हैं। जिन्होंने समय समय पर अपनी पहचान बनाई उन में से 'सरस्वती वीणा', 'तंजौरी', 'रूद्र वीणा' और 'विचित्र वीणा' आदि का प्रचलन संगत रूप और एकल वादन के रूप में पुराने समय से ले कर आज भी सुनने और देखने को मिलता है।

नारायण देव द्वार रचित भरत भाष्य, 'संगत सुधा', 'संगीत मकरंद' और 'संगत सार' ग्रंथों में 'रावण हस्त' का ज़िक्र है। जिस को रावण द्वारा बनाया माना जाता है। इस के इलावा लंका में एक जाति जिस को 'धमक्कड़' कहा गया है। यह जाति लंका में 'बीन वाह' नामक एक लोक वाद्य बजाया करती थी। जो 'रावण हस्त' के जैसे ही 'गज़ के साथ' बजाया जाता था। शायद इस से मिलते-जुलते होने क कारण इस को लंकापति से जोड़ दिया गया हो पर फिर भी 'रावण हस्त' को ही बुज़ुर्ग लोग सारंगी के पूर्वज के रूप में जानते हैं। इस के अलावा भी कई साज़ जो गज़ के साथ बजाए जाते हैं कि 'काईदा', 'सिरंदा' रबाब और रावण हस्त आदि। सारंगी का सबसे नज़दीकी वाद्य है-'पिनाकनी वीणा'। जिस को बनावट और वादन-शैली के आधार पर सारंगी के समान ही बजाया जाता है। 'पिनाकनी वीणा' भी परदे रहित और वीणा में केवल यही वीणा थी जो गज़ द्वारा बजाई जाती थी इसलिए सारंगी को 'सारंगवीणा' या पिनाकनी वीणा के नाम से भी जाना जाता है। 'राधे चरित' ग्रंथ में कहा गया है कि 'सारंग वीणा नाम का वाद्य' प्रचलित था जिस के बाद में सारंगी कहा गया। संगीत रत्नाकार ग्रंथ में तेरहवीं शताब्दी में सारंगी शब्द का प्रयोग और प्रचलन शारंगदेव जी ने भी अपने ग्रंथ में स्पष्ट कर दिया है। इस के अतिरिक्त 'संगीत सार' के रचयिता प्रसिद्ध संगीतकार मियां तानसेन 'सारंगी साज की भली-भांति जानकर करते है। इस संगीत शास्त्रीय संगीत की संगत में ध्रुपद धमार की गायन शैली प्रचलित थी। जिस में वीणा का प्रयोग संगीतक रूप में किया जाता था। वह वादकों को 'बीनकार' कहा जाता था। इस के अतिरिक्त संत कबीर जी ने समय में सारंगी का प्रयोग साधु-सन्त अपने गायन के साथ करते थे। कहने का तात्पर्य यह है कि 'कबीर जी के समय सारंगी का प्रचलन था। कबीर जी अपने इस दोहे में लिखते हैं:

सब रंग तंत रबाब तन विरहा बजावै नित,
और न कोई सुण सके कै सोई कै चित।

विद्वानों के मतानुसार साधू-संत शुरू से ही भजनों को सारंगी में गाते हैं। इसलिए संत जी ने सारंगी शब्द को रबाब कहा है। क्योंकि उस समय जिस रबाब का प्रचलन था वह रबाब गज़ के साथ ही बजाई जाती थी। दसवीं शताब्दी के मध्य-काल के समय जिस रबाब का प्रचलन था वह बिल्कुल ही सारंगी के समान थी। सेनापति द्वारा रचित रत्नाकर ग्रंथ में उन्होंने और भी सपष्ट किया है क्योंकि:

'सारंग धुनी सुनावै घन रस बरसावै,
मोर मन हरसावै अति अभिराम है।'

उन्होंने इस दोहे के द्वारा कहा है कि सारंग से भाव सारंगी ही है, क्योंकि इस से मीठा और मधुर साज इस समय सारंगी के बिना कोई दूसरा साज़ नहीं था। जिस को सारंग के रूप में जाना जाता हो और संगीत की संगत के लिये प्रयोग किया गया हो। लोक-साज से पैदा हो कर सारंगी ने पीढ़ी-दर-पीढ़ी कई तरह की कठिनाइयों और परिवर्तनों का सामना किया है।

बंदलाव प्रकृति का नियम है। इस लिये समय-समय पर एक तार से दो तारें हुई, फिर दो से तीन और अन्त में चार जो सारंगी के मुख्य जारों के रूप में प्रयुक्त होती हैं। छाती के नीचे की तारें पहले-६ फिर १२ हुई। इस के साथ ही वाद्य की बनावट में भी तबदीली होती रही।

जो सारंगी वर्तमान समय में प्रचलित है,



Sri Satguru Jagjit Singh Ji Elibrary NamdhariElibrary@gmail.com

बदल कर लोक सारंगी से शास्त्रीय सारंगी में एक महत्वपूण स्थान बना पाई। आज यह बनावट में क्वालिटी में संगत करने में बेमिसाल है और बनावट में भी बेहद खूबसूरत है। इस सारंगी में तीन प्रमुख तारें जो स प स पर मिलाई जाती हैं और चतुर्थ तार, वादक अपने मत अनुसार साज पर 'प' स्वर में मिला लेता है और अन्दर की १५ तारें कोमल तीव्र स्वरों के मुताबिक मिला ली जाती हैं। इस के अतिरिक्त मगज़ की ११ तारें होती हैं, जिन को बायीं तरफ से नी सा रे गा मा तथा दायी। तरफ से सा रे गा मा पा राग के अनुसार मिलाया जाता है।

सारंगी भारतीय संगीत कला का अति दुर्लभ बाद्य है। जिस का वादन व प्रचलन प्राचीन काल से ही रहा है। पर्दे रहित होने के कारण यह अति कठिन है, क्योंकि एक–एक स्वर की साधना के लिये कई–कई सालों की तपस्या के बाद की एक अच्छा सारंगी वादक पैदा होता है। जो संगत व (सोलो) एकल वादन कला के इन दोनों रूपों में माहिर हो सके। इस के इलावा सारंगी सीखने के लिये जब शिक्षार्थियों को इस कठिन वाद्य की शिक्षा दी जाती है तो गुरु लोग पहले उसे गाने की तालीम देते हैं। अगर गला सुरीला है जब ही बच्चा अच्छा सारंगीवादक बनेगा, क्योंकि सुर को गले के मुताबिक हाथ से निकालना एक टेढ़ी खीर के सामान है। इसलिए बहुत सारे सारंगी वादक जिन्होंने देश में शास्त्रीय संगीत में इतिहास रचा है, वे प्रसिद्ध गायक हुए हैं जैसे पंडित अमीर खां साहिब या फिर बडे गुलाम अली खां साहिब आदि। इन के अलावा कई सारंगी वादकों ने प्रसिद्ध संगीतकारों को गाने की तालीम दी, जिन्होंने देश–विदेश में अपना नाम व अपने गुरूओं और उस्तादों का नाम रोशन किया।

गुरू लोग व उस्तादों की कई कई साल की सख्त मेहनत, कठिन तपस्या, लगन और मेहनत के कारण सारंगी जैसे मुश्किल वाद्य को पुरे देश और विदेशों में फैलाया, वहीं अपना नाम सुनहरी अक्षरों में भारतीय इतिहास में अंकित किया। उन में प्रसिद्ध सारंगी वादम पद्म भूषण उस्ताद साबरी खां साहिब जिन्होंने संगीत और सारंगी की स्वतंत्र वादन का रूप दे कर कई सौ शिष्यों को इस विद्या का दान दिया है और सारंगी को पूरी दुनियां में उच्च स्थान दिलवाया है। इन के इलावा, पद्म विभूषण पंडित राम नारायण जी जिन्होंने सारंगी को अति महत्वपूर्ण योगदान दे कर संगीत सगत में सारंगी को सम्मान दिलाया है। अनेक ही शार्गिद उन्होंने इस संसार के आंचल में डाले हैं। गोपाल मिश्रा, शाकूर खां साहिब, बुन्दू खां साहिब, बड़े गुलाम साहिब आदि, जिन्होंने कठिन परिस्थियों में सारंगी जैसे मन–मोहक वाद्य को बचाए रखा और संगीत जगत को कई प्रसिद्ध नामवर शागिर्द दिए। इसके लिए समस्त संगीत जगत सारे गुणीजन उस्ताद लोगों का तहे दिल से ऋणी है, जिन के कारण आज भारत और विदेशों में सारंगी की गूंज किसी न किसी रूप में सुनाई देती है।

पंचनीर से धन्यवाद सहित


**Please Visit our Website**
**www.amritkirtan.com**
**& comment.**

**Send this information to your friends**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ–ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955





Sri Satguru Jagjit Singh Ji Elibrary NamdhariElibrary@gmail.com

# ਰਾਗ ਗਉੜੀ ਪੂਰਬੀ

ਪ੍ਰਿੰ: ਦਿਆਲ ਸਿੰਘ

| | | |
|---|---|---|
| ਵਾਦੀ-ਰੁ | ਠਾਟ-ਪੂਰਬੀ | ਸਮਾਂ ਦਿਨ ਦਾ ਚੌਥਾ ਪਹਿਰ |
| ਸੰਵਾਦੀ-ਪ | ਜਾਤੀ-ਖਾਡਵ-ਸੰਪੂਰਣ | ਵਿਸ਼ੇਸ਼-'ਰੁ-ਪ', ਸ ਪ, ਤੇ ਸ ਧੁ ਦੀ ਸੁਰ-ਸੰਗਤੀ |

ਆਰੋਹ- ਸ, ਰੁ, ਗ ਰੁ, ਪ, ਮੱਪ, ਧੁ ਨ਼ ਸਂ।

ਅਵਰੋਹ - ਸਂ ਨ਼, ਰੁਂ ਨ਼ ਧ ਪ, ਮ'ਗ ਰੁ, ਸ ਨ਼ ਧੁ ਨ਼, ਰੁ ਸ।

ਪਕੜ- ਨ਼ ਰੁ ਗ ਰੁ, ਮ'ਗ ਰੁ ਸ, ਨ਼ ਧ ਨ਼ ਰੁਸ।

## ਤਿੰਨ ਤਾਲ ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੦ | | | | ੩ | | | | × | | | | ੨ | | | |
| ਰੁ | ਗ | ਰੁ | ਮ' | ਗ | ਰੁ | ਸ | ਰੁ | ਨ਼ | - | ਸ | - | - | ਨ਼ | ਧੁ | ਨ਼ |
| ਰਾ | S | ਖ | ਪਿ | ਤਾ | S | ਪ੍ਰ | ਭ | ਮੋ | S | ਰੇ | S | S | S | S | S |
| ਰੁ | ਗ | ਰੁ | ਮ' | ਗ | ਰੁ | ਸ | ਰੁ | ਨ਼ | - | ਸ | - | - | - | - | - |
| ਰਾ | S | ਖ | ਪਿ | ਤਾ | S | ਪ੍ਰ | ਭ | ਮੋ | S | ਰੇ | S | S | S | S | S |
| ਰੁ | - | ਗ | ਰੁ | ਪ | ਪ | ਪ | ਪ | ਮ' | ਮ' | ਧੁ | ਮ' | ਗ | ਰੁ | ਸ | ਨ਼ |
| ਮੋ | S | ਹਿ | S | ਨਿ | ਰ | ਗੁ | ਨ | ਸ | ਭ | ਗੁ | ਨ | ਤੇ | S | ਰੇ | S |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | - | ਪ | ਪ | ਮ' | - | ਧ | - | ਸਂ | - | ਸਂ | ਸਂ | ਸਂ | - | ਸਂ | - |
| ਪੰ | S | ਚ | ਬਿ | ਖਾ | S | ਦੀ | S | ਏ | S | ਕੁ | ਗ | ਰੀ | S | ਬਾ | S |
| ਨ | ਰੁਂ | ਗਂ | ਰੁਂ | ਸਂ | - | ਸਂ | ਸਂ | ਨ | ਧੁ | ਨ | - | - | - | ਧੁ | ਪ |
| ਰਾ | S | ਖਉ | S | ਰਾ | S | ਖ | ਨ | ਹਾ | S | ਰੇ | S | S | S | S | S |
| ਪ | - | ਪ | ਪ | ਮ' | ਧੁ | ਨ | ਨ | ਰੁਂ | ਨ | ਧੁ | ਨ | ਧੁ | - | ਪ | - |
| ਖੇ | S | ਦੂ | ਕ | ਰਹਿ | S | ਅ | ਰੁ | ਬਹੁ | S | ਤੁ | ਸੈ | ਤਾ | S | ਵਹਿ | S |
| ਮ' | | | | | | | | | | | | | | | |
| ਰੁ | - | ਪ | - | ਮ' | ਮ' | ਧ | ਨ | ਧੁ | ਮ' | ਗ | ਰੁ | ਮੱ | ਗ | ਰੁ | ਸ |
| ਆ | S | ਇਓ | S | ਸ | ਰ | ਨ | ਤੁ | ਹਾ | S | ਰੇ | S | S | S | S | S |

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਵਿਚੋਂ ਧੰਨਵਾਦ ਸਹਿਤ

-ਸ਼ਬਦ ਦੀਆਂ ਤੁਕਾਂ ਅੰਤਰੇ ਤੇ ਲਾਓ



Sri Satguru Jagjit Singh Ji Elibrary NamdhariElibrary@gmail.com

ਗਉੜੀ ਮਹਲਾ ੫ ॥

Gauree, Fifth Mehl:

ਰਾਖੁ ਪਿਤਾ ਪ੍ਰਭ ਮੇਰੇ ॥

Save me, O My Father God.

ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥

I am worthless and without virtue; all virtues are Yours. ||1||Pause||

ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥

The five vicious thieves are assaulting my poor being; save me, O Savior Lord!

ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥

They are tormenting and torturing me. I have come, seeking Your Sanctuary. ||1||

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥

Trying all sorts of things, I have grown weary, but still, they will not leave me alone.

ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥੨॥

But I have heard that they can be rooted out, in the Saadh Sangat, the Company of the Holy; and so I seek their Shelter. ||2||

ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥

In their Mercy, the Saints have met me, and from them, I have obtained satisfaction.

ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥

The Saints have given me the Mantra of the Fearless Lord, and now I practice the Word of the Guru's Shabad. ||3||

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥

I have now conquered those terrible evil-doers, and my speech is now sweet and sublime.

ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥

Says Nanak, the Divine Light has dawned within my mind; I have obtained the state of Nirvaanaa. ||4||4||125||

ਅੰਗ ੨੦੫

Page 205



Sri Satguru Jagjit Singh Ji Elibrary NamdhariElibrary@gmail.com

# HOW DOES MUSIC IMPACT OUR EMOTIONS?

## Music & Emotions

How many times have you turned to music to uplift you even furher in happy times, or sought the comfort of music when melancholy strikes?

Music affects us all. But only in recent times have scientists sought to explain and quantify the way music impacts us at an emotional level. Researching the links between melody and the mind indicates that listening to and playing music actually can alter how our brains, and therefore our bodies, function. It seems that the healing power of music, over body and spirit, is only just starting to be understood, even though music therapy is not new. For many years therapists have been advocating the use of music - both listening and study - for the reduction of anxiety and stress ... n. And music has also been recommended as an aid for positive change in mood and emotional states.

Michael DeBakey, who ... 66 became the first surgeon to successfully implant an artificial heart, is on record saying: "Creating and performing music ... xpression and provides self-gratification while giving pleasure to others. In medicine, increasing published reports demonstra... s a healing effect on patients."

Doctors now ... usic therapy in hospitals and nursing homes not only makes people feel better, but also makes them heal faster. And across ... ical experts are beginning to apply the new revelations about music's impact on the brain to treating patients.

In one study, re... chael Thaut and his team detailed how victims of stroke, cerebral palsy and Parkinson's disease who worked to music took bigge... ced strides than those whose therapy had no accompaniment.

Other researc... und the sound of drums may influence how bodies work. Quoted in a 2001 article in USA Today, Suzanne Hasner, chairwoma... c therapy department at Berklee College of Music in Boston, says even those with dementia or head injuries retain musical abilit...

The article reported re... of an experiment in which researchers from the Mind-Body Wellness Center in Meadville, Pa., tracked 111 cancer patients who played drums for 30 minutes a day. They found strengthened immune systems and increased levels of cancer-fighting cells in many of the patients.

"Deep in our long-term memory is this rehearsed music," Hasner says. "It is processed in the emotional part of the brain, the amygdala. Here's where you remember the music played at your wedding, the music of your first love, that first dance. Such things can still be remembered even in people with progressive diseases. It can be a window, a way to reach them..."

The American Music Therapy Organization claims music therapy may allow for "emotional intimacy with families and caregivers, relaxation for the entire family, and meaningful time spent together in a positive, creative way".

Scientists have been making progress in its exploration into why music should have this effect. In 2001 Dr. Anne Blood and Robert Zatorre of McGill University in Montreal, used positron emission tomography, or PET scans, to find out if particular brain structures were stimulated by music.

In their study, Blood and Zatorre asked 10 musicians, five men and five women, to choose stirring music. The subjects were then given PET scans as they listened to four types of audio stimuli - the selected music, other music, general noise or silence. Each sequence was repeated three times in random order.

Blood said when the subjects heard the music that gave them "chills," the PET scans detected activity in the portions of the brain that are also stimulated by food and sex.

Just why humans developed such a biologically based appreciation of music is still not clear. The appreciation of food and the drive for sex evolved to help the survival of the species, but "music did not develop strictly for survival purposes," Blood told Associated Press at the time.

She also believes that because music activates the parts of the brain that make us happy, this suggests it can benefit our physical and mental well being.

This is good news for patients undergoing surgical operations who experience anxiety in anticipation of those procedures.

Polish researcher, Zbigniew Kucharski, at the Medical Academy of Warsaw, studied the effect of acoustic therapy for fear management in dental patients. During the period from October 2001 to May 2002, 38 dental patients aged between 16 and 60 years were observed. The patients received variations of acoustic therapy, a practice where music is received via headphones and also vibrators.

Dr Kucharski discovered the negative feelings decreased five-fold for patients who received 30 minutes of acoustic therapy both before and after their dental procedure. For the group that heard and felt music only prior to the operation, the fearful feelings reduced by a factor of 1.6 only.

For the last group (the control), which received acoustic therapy only during the operation, there was no change in the degree of fear felt.

A 1992 study identified music listening and relaxation instruction as an effective way to reduce pain and anxiety in women undergoing painful gynecological procedures. And other studies have proved music can reduce other 'negative' human emotions like fear, distress and depression.

Sheri Robb and a team of researchers published a report in the Journal of Music Therapy in 1992, outlining their findings that music assisted relaxation procedures (music listening, deep breathing and other exercises) effectively reduced anxiety in pediatric surgical patients on a burn unit.

"Music," says Esther Mok in the AORN Journal in February 2003, "is an easily administered, non-threatening, non-invasive, and inexpensive tool to calm preoperative anxiety."

So far, according to the same report, researchers cannot be certain why music has a calming affect on many medical patients. One school of thought believes music may reduce stress because it can help patients to relax and also lower blood pressure. Another researcher claims music allows the body's vibrations to synchronize with the rhythms of those around it. For instance, if an anxious patient with a racing heartbeat listens to slow music, his heart rate will slow down and synchronize with the music's rhythm.

Such results are still something of a mystery. The incredible ability that music has to affect and manipulate emotions and the brain is undeniable, and yet still largely inexplicable.

Aside from brain activity, the affect of music on hormone levels in the human body can also be quantified, and there is definite evidence that music can lower levels of cortisol in the body (associated with arousal and stress), and raise levels of melatonin (which can induce sleep). It can also precipitate the release of endorphins, the body's natural painkiller.

But how does music succeed in prompting emotions within us? And why are these emotions often so powerful? The simple answer is that no one knows... yet. So far we can quantify some of the emotional responses caused by music, but we cannot yet explain them.

**PAGE SPONSORED BY : AHUJA FAMILY**

**C-353, DEFENCE COLONY NEW DELHI 110 024**

Sri Satguru Jagjit Singh Ji Elibrary NamdhariElibrary@gmail.com

Postal Regd. No. G/CDH/0045/2009-10 RNI Regd. No. 46788/89 ISSN 0972-2335




Sri Satguru Jagjit Singh Ji Elibrary NamdhariElibrary@gmail.com